ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533


ਸਾਂਝੀ ਸੋਚ
ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7
LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2618 17 October, 2026 Saturday www.sanjhisoch.com ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ +1 (209) 303-1260

ਜੈਸਮੀਨ ਔਜਲਾ ਗਿੱਲ ਦੇ ਕਤਲ 'ਚ ਪਤੀ ਦੀ ਗ੍ਰਿਫ਼ਤਾਰੀ





ਸੈਕਰਾਮੈਂਟੋ ਸਾਂਝੀ ਸੋਚ ਬਿਊਰੋ

ਜੈਸਮੀਨ 'ਔਜਲਾ' ਗਿੱਲ ਨੂੰ ਆਖਰੀ ਵਾਰ 30 ਸਤੰਬਰ, 2026 ਨੂੰ ਉਸਦੇ ਸੈਕਰਾਮੈਂਟੋ ਨਿਵਾਸ 'ਤੇ ਦੇਖਿਆ ਗਿਆ ਸੀ। 4 ਅਕਤੂਬਰ, 2026 ਨੂੰ, ਉਸਦੇ ਕਜਨ ਭਰਾ ਨੇ ਜੈਸਮੀਨ ਦੇ ਲਾਪਤਾ ਹੋਣ ਦੀ ਰਿਪੋਰਟ ਦਿੱਤੀ। ਸ਼ੁਰੂਆਤੀ ਜਾਂਚ ਦੌਰਾਨ, ਜੈਸਮੀਨ ਦੇ ਪਤੀ, ਗੁਰਿੰਦਰ ਗਿੱਲ ਨੇ ਦਾਅਵਾ ਕੀਤਾ ਕਿ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਏਜੰਟਾਂ ਨੇ ਜੈਸਮੀਨ ਨੂੰ ਹਿਰਾਸਤ ਵਿੱਚ ਲੈ ਲਿਆ ਸੀ ਜਦੋਂ ਉਹ ਉਨ੍ਹਾਂ ਦੇ ਨਿਵਾਸ 'ਤੇ ਡਾਕ ਦੀ ਕੱਢ ਰਹੀ ਸੀ।

ਪੁਲਿਸ ਨੇ ਆਈਸੀਈ ਨਾਲ ਸੰਪਰਕ ਕੀਤਾ, ਅਤੇ ਆਈਸੀਈ ਅਧਿਕਾਰੀਆ ਨੇ ਕਿਹਾ ਕੇ ਉਨਾ ਨੇ ਇਸ ਘਰ ਤੇ ਕੋਈ ਕਾਰਵਾਈ ਨਹੀ ਕੀਤੀ ਅਤੇ ਨਾ ਹੀ ਜੈਸਮੀਨ ਉਨਾ ਦੀ ਹਿਰਾਸਤ ਵਿੱਚ ਹੈ। ਜਿਵੇਂ-ਜਿਵੇਂ ਜਾਂਚ ਅੱਗੇ ਵਧਦੀ ਗਈ, ਸੈਕਰਾਮੈਂਟੋ ਕਾਉਂਟੀ ਸ਼ੈਰਿਫ਼ ਦੇ ਦਫ਼ਤਰ ਦੇ ਅਧਿਕਾਰੀਆ ਨੇ ਜੈਸਮੀਨ 'ਔਜਲਾ' ਗੁਰਿੰਦਰ ਦੇ ਉਸਦੀ ਪਤਨੀ ਦੇ ਲਾਪਤਾ ਹੋਣ ਬਾਰੇ ਬਿਆਨਾਂ ਵਿੱਚ ਕਈ ਅਸੰਗਤੀਆਂ ਦੀ ਪਛਾਣ ਕੀਤੀ। ਪੁਲਿਸ ਨੂੰ ਪਤਾ ਲੱਗਾ ਕਿ ਜੈਸਮੀਨ ਅਤੇ ਗੁਰਿੰਦਰ ਇੱਕ ਚੱਲ ਰਹੇ ਤਲਾਕ ਅਤੇ ਬੱਚੇ ਦੀ ਹਿਰਾਸਤ ਦੇ ਵਿਵਾਦ ਵਿੱਚ ਲੱਗੇ ਹੋਏ ਸਨ। 1 ਅਕਤੂਬਰ, 2026 ਨੂੰ, ਐਲ ਡੋਰਾਡੋ ਕਾਉਂਟੀ ਵਿੱਚ ਸੜੀ ਹੋਈ ਮਨੁੱਖੀ ਲਾਸ਼ ਮਿਲੀ ਅਤੇ ਬਾਅਦ ਵਿੱਚ ਇਹ ਪੁਸ਼ਟੀ ਹੋਈ ਕਿ ਲਾਸ਼ ਜੈਸਮੀਨ ਗਿੱਲ ਦੀ ਹੈ ਅਤੇ ਪੁਲਿਸ ਨੇਆਪਣੀ ਜਾਂਚ ਦੇ ਆਧਾਰ 'ਤੇ, ਹੋਮੀਸਾਈਡ ਡਿਟੈਕਟਿਵਜ਼ ਨੇ ਗੁਰਿੰਦਰ ਖਿਲਾਫ ਕਤਲ ਦਾ ਮੁਕੱਦਮਾ ਦਰਜ ਕਰਕੇ ਗ੍ਰਿਫ਼ਤਾਰੀ ਵਾਰੰਟ ਪ੍ਰਾਪਤ ਕੀਤਾ। ਬੁੱਧਵਾਰ, 14 ਅਕਤੂਬਰ, 2026 ਨੂੰ, ਪੁਲਿਸ ਨੇ ਗੁਰਿੰਦਰ ਨੂੰ ਲੱਭ ਲਿਆ ਅਤੇ ਉਸਨੂੰ ਗ੍ਰਿਫ਼ਤਾਰ ਕਰ ਲਿਆ। ਪੁਲਿਸ ਨੇ ਉਸ ਨਾਲ ਸਬੰਧਤ ਦੋ ਰਿਹਾਇਸ਼ਾਂ 'ਤੇ ਵੀ ਸਰਚ ਵਾਰੰਟ ਲਾਗੂ ਕੀਤੇ। ਗੁਰਿੰਦਰ ਨੂੰ ਕਤਲ ਦੇ ਦੋਸ਼ਾਂ ਵਿੱਚ ਸੈਕਰਾਮੈਂਟੋ ਕਾਉਂਟੀ ਮੇਨ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ ਹੈ ਅਤੇ ਇਸ ਕੇਸ ਵਿੱਚ ਜਮਾਨਤ ਨਹੀ ਹੋ ਸਕਦੀ।

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor® CalDRE # 02115235
ਤੁਸੀਂ ਆਪਣੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Mann & Associates Insurance Services, Inc.
Medicare Supplement Plans
• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ
• The American Rescue Plan passed by President Biden could save you hundreds or even thousands of dollars a month.
• There is more financial help than ever before
• Even if you didn't qualify for subsidies before, now you might be able to save thousands on health insurance premiums.
• Huge tax credits are available only if you apply thru Covered California
• ਰਾਸ਼ਟਰਪਤੀ ਸੋਮ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
• ਪਹਿਲਾਂ ਨਾਲੋਂ ਬਯੋਦੇ ਵਿੱਤੀ ਮਦਦ ਮਿਲਦੀ ਹੈ।
• ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ 'ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
• ਭਾਰੀ ਟੈਕਸ ਰੈਡਿਟ ਕੇਵਲ ਤਾਂ ਹੀ ਉਪਲਬਧ ਹੈਦੇ ਹਨ, ਜੇ ਤੁਸੀ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿਓਦੇ ਹੋ।
ਹੈਲਥ ਇੰਸੋਰੈਂਸ ਨਾ ਕਰਵਾਉਣ 'ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।
Anthem
Certified Insurance Agent
Inderjeet Singh Mann
CA Lic# 0H82488
Ph.: (916) 900-2000

Certified INSURANCE AGENT
COVERED CALIFORNIA
Free Confidential Help
Call : Gurcharan Singh Mann
Medicare
Licensed Insurance Agent
CA Lic # 0C70672
CALL TO ENROL
510-557-0061

Space available for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

JRP REALTY GROUP

A TRADITION OF REAL ESTATE EXCELLENCE

SERVING CALIFORNIA FOR COMMERCIAL REAL ESTATE NEEDS





Specializing in all Types of Commercial Proprtries

Gas Stations, Apartments, Commercial Buildings, Liquor stores and Land

CALL TODAY TO BUY/SELL YOUR REAL ESTATE/ BUSINESS

Jaswant S.Pannu
Office: 209-900-1994
Cell: 408-340-0157
jaswantpannu@yahoo.com

Raman Singh
Cell: 209-605-6500
Office: 209-213-5811
BRE #10889002

We do commercial loans for businesses, gas stations, lands and commercial properties

We provide the best in class evaluation for your real estate/business to maximize the profits for you



For more properties or business, contact us.



LOVEPREET KAUR
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

LENDINGASSETS
Elevating Your Mortgage Experience

Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

Refinance @2.75% APR or lower



Apply online at www.lendingassets.com and check out the live lowest rates on our website

ONLY WAY TO GROW YOUR BUSINESS FASTER

BNG

(Business Network Gateway)

We work for you to

Boost Your Business

VIDEO ADVERTISEMENTS

We make professional video advertisements for your business in Punjabi, Hindi & English



POSTERS DESIGN

We design flyers, Posters and
Post Cards to promote your business



BUSINESS CARD DESIGN

WE DESIGN YOUR
BUSINESS CARD



SOCIAL MEDIA HANDLERS

We can manage your Business social media handlers Facebook, instagram & YouTube



24/7 TECH SUPPORT

We provide 24/7 tech support



For more information call

Boota Singh Basi +1 (209) 303-1260

www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

ਪਰਮਿੰਦਰ ਸਿੰਘ ਝੋਟੇ ਦੇ ਕਤਲ ਦਾ ਸੰਘਰਸ਼ ਕਿਸੇ ਫਿਰਕੇ ਦਾ ਨਹੀਂ ਸਗੋਂ ਪੰਜਾਬ ਬਨਾਮ ਪੰਜਾਬ ਵਿਰੋਧੀ ਤਾਕਤਾਂ ਦੀ ਲੜਾਈ



ਪਰਮਿੰਦਰ ਸਿੰਘ ਝੋਟੇ ਦੇ ਕਤਲ ਨੂੰ ਹਿੰਦੂ-ਸਿੱਖ ਮੁੱਦਾ ਬਣਾਉਣ ਦੀਆਂ ਕੋਸ਼ਿਸ਼ਾਂ ਬੇਹੱਦ ਮੰਦਭਾਗੀਆਂ ਹੀ ਨਹੀਂ, ਸਗੋਂ ਪੰਜਾਬ ਦੇ ਹਿੱਤਾਂ ਲਈ ਘਾਟੇਵੰਦ ਵੀ ਸਾਬਤ ਹੋ ਸਕਦੀਆਂ ਹਨ। ਕੁਝ ਵੀਡੀਓਜ਼ ਅਤੇ ਬਿਆਨਾਂ ਰਾਹੀਂ ਇਸ ਘਟਨਾ ਨੂੰ ਫਿਰਕੂ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਦਕਿ ਇਸ ਮੌਕੇ ਲੋੜ ਇਸ ਗੱਲ ਦੀ ਹੈ ਕਿ ਪੰਜਾਬ ਦੇ ਲੋਕਾਂ ਨੂੰ ਇਕਜੁੱਟ ਕਰਕੇ ਨਸ਼ਿਆਂ ਦੇ ਕਾਰੋਬਾਰ, ਕਾਨੂੰਨ ਵਿਵਸਥਾ ਦੀ ਨਾਕਾਮੀ ਅਤੇ ਇਸ ਸਮੱਸਿਆ ਨੂੰ ਜੜ੍ਹੋਂ ਖ਼ਤਮ ਕਰਨ ਦੀ ਲੋੜ ਬਾਰੇ ਗੰਭੀਰ ਚਰਚਾ ਕੀਤੀ ਜਾਵੇ। ਕਿਸੇ ਵੀ ਬੁਲਾਰੇ ਨੂੰ ਕੈਮਰੇ ਸਾਹਮਣੇ ਬੋਲਣ ਤੋਂ ਪਹਿਲਾਂ ਇਹ ਸਮਝਣਾ ਚਾਹੀਦਾ ਹੈ ਕਿ ਉਸ ਦੇ ਸ਼ਬਦ ਪੰਜਾਬ ਦੇ ਜ਼ਖ਼ਮਾਂ ਉੱਤੇ ਮੱਲ੍ਹਮ ਲਾਉਣ ਦਾ ਕੰਮ ਕਰ ਰਹੇ ਹਨ ਜਾਂ ਉਨ੍ਹਾਂ ਨੂੰ ਹੋਰ ਡੂੰਘਾ ਰਹੇ ਹਨ। ਪਰਮਿੰਦਰ ਸਿੰਘ ਝੋਟੇ ਦੀ ਮੌਤ ਸਿਰਫ਼ ਇੱਕ ਵਿਅਕਤੀ ਦੀ ਮੌਤ ਨਹੀਂ, ਸਗੋਂ ਪੰਜਾਬ ਵਿਰੋਧੀ ਤਾਕਤਾਂ ਦਾ,ਨਸ਼ਿਆਂ ਵਿਰੁੱਧ ਉੱਠੀ ਆਵਾਜ਼ ਨੂੰ ਖਤਮ ਕਰਨ ਵੱਲ ਪੁੱਟਿਆ ਗਿਆ ਕਦਮ ਹੈ। ਨਸ਼ਿਆਂ ਦੇ ਵਿਰੋਧ ਵਿੱਚ ਡਟਕੇ ਖੜ੍ਹਨ ਵਾਲੇ ਮਨੁੱਖ ਦੀ ਜਾਨ ਚਲੀ ਜਾਣਾ ਸਮੁੱਚੇ ਸਮਾਜ ਲਈ ਚਿੰਤਾ ਦਾ ਵਿਸ਼ਾ ਹੈ। ਇਸ ਘਟਨਾ ਨੇ ਪੰਜਾਬ ਦੇ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। 13 ਅਕਤੂਬਰ 2026 ਨੂੰ ਮਾਨਸਾ ਵਿੱਚ ਨਸ਼ਿਆਂ ਦੇ ਕਥਿਤ ਗ਼ੈਰ-ਕਾਨੂੰਨੀ ਕਾਰੋਬਾਰ ਵਿਰੁੱਧ ਆਵਾਜ਼ ਉਠਾਉਣ ਵਾਲੇ ਪਰਮਿੰਦਰ ਸਿੰਘ ਝੋਟੇ ਦਾ ਦਿਨ ਦਿਹਾੜੇ ਲਾਈਵ ਕੈਮਰਿਆਂ ਸਾਹਮਣੇ ਕਤਲ ਕੀਤਾ ਗਿਆ ਹੈ।ਇਸ ਘਟਨਾ ਨੇ ਨਸ਼ਿਆਂ ਦੀ ਸਮੱਸਿਆ ਅਤੇ ਅਜਿਹੀਆਂ ਗਤੀਵਿਧੀਆਂ ਦਾ ਵਿਰੋਧ ਕਰਨ ਵਾਲਿਆਂ ਦੀ ਸੁਰੱਖਿਆ ਬਾਰੇ ਮੁੜ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਪਰ ਇਸ ਸਾਰੇ ਮਾਮਲੇ ਵਿੱਚ ਇੱਕ ਗੱਲ ਬਹੁਤ ਸਪੱਸ਼ਟ ਹੋਣੀ ਚਾਹੀਦੀ ਹੈ ਕਿ ਝੋਟੇ ਦੇ ਕਾਤਲ ਨੂੰ ਕਿਸੇ ਧਰਮ ਜਾਂ ਫਿਰਕੇ ਦੇ ਨੁਮਾਇੰਦੇ ਵਜੋਂ ਨਹੀਂ, ਸਗੋਂ ਇੱਕ ਸਮਾਜ ਵਿਰੋਧੀ ਅਨਸਰ ਵਜੋਂ ਦੇਖਿਆ ਜਾਣਾ ਚਾਹੀਦਾ ਹੈ।ਇਸ ਘਿਨਾਉਣੇ ਅਪਰਾਧ ਨੂੰ ਧਰਮ ਜਾਂ ਫਿਰਕੇ ਨਾਲ ਜੋੜਨਾ ਨਾ ਇਨਸਾਫ਼ ਹੈ ਅਤੇ ਨਾ ਹੀ ਸਮਝਦਾਰੀ।ਇੱਥੇ ਪਰਮਿੰਦਰ ਸਿੰਘ ਝੋਟਾ ਨੇਕੀ ਦਾ ਪਰਤੀਕ ਹੈ,ਸਮਾਜ ਦੀਆਂ ਨਸਲਾਂ ਬਚਉਣ ਦੀ ਪਹਿਰੇਦਾਰੀ ਦਾ ਪ੍ਰਤੀਕ ਹੈ ਜਦੋਕਿ ਨਸ਼ਾ ਤਸਕਰ ਅਸਵਨੀ ਕੁਮਾਰ ਸ਼ਰਮਾ ਬਦੀ ਦਾ ਪ੍ਰਤੀਕ ਹੈ,ਸਮਾਜ ਦਾ ਕਾਤਲ ਹੈ,ਸਮਾਜ ਦੀ ਨਸ਼ਿਆਂ ਰਾਹੀ ਕੀਤੀ ਜਾ ਰਹੀ ਨਸਲਕੁਸ਼ੀ ਦਾ ਪ੍ਰਤੀਕ ਹੈ।

ਇਸ ਦੇ ਨਾਲ ਹੀ ਪਰਮਿੰਦਰ ਸਿੰਘ ਝੋਟੇ ਨੂੰ ਸਿੱਖ ਵਜੋਂ ਦੇਖਣ ਤੋਂ ਗੁਰੇਜ਼ ਕਰਨ ਦੀ ਸਲਾਹ ਦੇਣਾ ਵੀ ਵਾਜਬ ਨਹੀਂ। ਉਹ ਗੁਰੂ ਦਾ ਸੱਚਾ ਸਿੱਖ ਸੀ, ਇਹ ਉਸ ਦੀ ਪਛਾਣ ਦਾ ਇੱਕ ਹਿੱਸਾ ਹੈ ਅਤੇ ਉਸ ਪਛਾਣ ਉੱਤੇ ਮਾਣ ਕਰਨਾ ਸਿੱਖਾਂ ਦਾ ਹੱਕ ਹੈ। ਪਰ ਉਸ ਦੀ ਜ਼ਿੰਦਗੀ ਅਤੇ ਨਸ਼ਿਆਂ ਵਿਰੁੱਧ ਸੰਘਰਸ਼ ਨੂੰ ਧਾਰਮਿਕ ਪਛਾਣ ਤੱਕ ਸੀਮਤ ਕਰ ਦੇਣਾ ਉਸ ਦੇ ਯੋਗਦਾਨ ਨੂੰ ਛੋਟਾ ਕਰਨਾ ਹੋਵੇਗਾ। ਸਿੱਖੀ, ਮਾਨਵਤਾ ਦੀ ਰਾਖੀ,ਜ਼ੁਲਮ ਵਿਰੁੱਧ ਡਟਣ ਅਤੇ ਕਮਜ਼ੋਰ ਦੀ ਰੱਖਿਆ ਕਰਨ ਦਾ ਸੰਦੇਸ਼ ਦਿੰਦੀ ਹੈ। ਇਸ ਲਈ ਕਿਸੇ ਸਿੱਖ ਨੌਜਵਾਨ ਵੱਲੋਂ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਸੰਘਰਸ਼ ਕਰਨਾ ਸਿੱਖੀ ਦੇ ਮੂਲ ਸਰੋਕਾਰਾਂ ਨਾਲ ਜੁੜਿਆ ਹੋਇਆ ਫਰਜ ਹੈ। ਸਿੱਖਾਂ ਨੂੰ ਮਾਣ ਹੋਣਾ ਚਾਹੀਦਾ ਹੈ ਕਿ ਪੰਜਾਬ ਦੀ ਧਰਤੀ ਉੱਤੇ ਅੱਜ ਵੀ ਅਜਿਹੇ ਯੋਧੇ ਸੂਰਬ੍ਹੀ ਮੌਜੂਦ ਹਨ ਜੋ ਜਾਨ ਤਲੀ ਤੇ ਧਰਕੇ ਸਮਾਜ ਦੀਆਂ ਸਮੱਸਿਆਵਾਂ ਵਿਰੁੱਧ ਆਵਾਜ਼ ਉਠਾਉਣ ਦਾ ਹੌਸਲਾ ਰੱਖਦੇ ਹਨ। ਪਰ ਇਸ ਮਾਣ ਨੂੰ ਗੈਰ ਸਿੱਖ ਭਾਈਚਾਰੇ ਦੇ ਕੁੱਝ ਲੋਕਾਂ ਵੱਲੋਂ ਛੁਟਿਆਉਣ ਦਾ ਯਤਨ ਕਰਨਾ ਜਾਂ ਸਿੱਖ ਭਾਈਚਾਰੇ ਦੇ ਕੁੱਝ ਲੋਕਾਂ ਵੱਲੋਂ ਕਿਸੇ ਹੋਰ ਭਾਈਚਾਰੇ ਦੇ ਵਿਰੋਧ ਵਿੱਚ ਬਦਲਣਾ ਗੈਰ ਵਾਜਬ ਅਤੇ ਰਸਤੇ ਤੋਂ ਭਟਕਣ ਵਾਲਾ ਵਰਤਾਰਾ ਹੋਵੇਗਾ। ਝੋਟੇ ਦੀ ਮੌਤ ਉੱਤੇ ਦੁੱਖ ਪ੍ਰਗਟ ਕਰਨ ਵਾਲੇ ਲੋਕਾਂ ਵਿੱਚ ਸਿੱਖ ਵੀ ਹਨ, ਹਿੰਦੂ ਵੀ ਹਨ,ਮੁਸਲਮਾਨ ਵੀ ਹਨ ਅਤੇ ਹੋਰ ਭਾਈਚਾਰਿਆਂ ਦੇ ਲੋਕ ਵੀ ਹਨ। ਜਿਹੜਾ ਪਿਤਾ ਆਪਣੇ ਪੁੱਤਰ ਨੂੰ ਨਸ਼ਿਆਂ ਦੀ ਭੇਟ ਚੜ੍ਹਨ ਤੋਂ ਬਚਾਉਣਾ ਚਾਹੁੰਦਾ ਹੈ, ਜਿਹੜੀ ਮਾਂ ਆਪਣੇ ਪੁੱਤਰ ਦੇ ਭਵਿੱਖ ਲਈ ਫ਼ਿਕਰਮੰਦ ਹੈ ਅਤੇ ਜਿਹੜਾ ਪਰਿਵਾਰ ਨਸ਼ਿਆਂ ਕਾਰਨ ਬਲਦੇ ਸਿਵਿਆਂ ਦੀ ਅੱਗ ਦਾ ਸੇਕ ਮਹਿਸੂਸ ਕਰਦੇ ਹਨ,ਉਹਨਾਂ ਲਈ ਪਰਮਿੰਦਰ ਸਿੰਘ ਝੋਟੇ ਦੀ ਮੌਤ ਅਸਹਿ ਹੈ। ਹਰ ਸਮਝਦਾਰ ਪੰਜਾਬੀ ਨਸ਼ਿਆਂ ਦੇ ਇਸ ਸੰਕਟ ਤੋਂ ਡਾਢਾ ਚਿੰਤਤ ਹੈ। ਹਰ ਉਸ ਮਾਪੇ ਦੇ ਮਨ ਵਿੱਚ ਇਹ ਡਰ ਹੈ ਕਿ ਕਿਤੇ ਉਸ ਦਾ ਬੱਚਾ ਇਸ ਦਲਦਲ ਵਿੱਚ ਨਾ ਫਸ ਜਾਵੇ। ਇਸੇ ਕਰਕੇ ਝੋਟੇ ਦੀ ਮੌਤ ਨੇ ਲੋਕ ਮਨਾਂ ਵਿੱਚ ਗੁੱਸਾ ਅਤੇ ਰੋਸ ਪੈਦਾ ਕੀਤਾ ਹੈ। ਇਸ ਸਾਂਝੇ ਦਰਦ ਨੂੰ ਫਿਰਕੂ ਵੰਡ ਵਿੱਚ ਬਦਲਣਾ ਕਿਸੇ ਵੀ ਤਰ੍ਹਾਂ ਪੰਜਾਬ ਦੇ ਹਿੱਤ ਵਿੱਚ ਨਹੀਂ ਹੋ ਸਕਦਾ। ਸਭ ਤੋਂ ਪਹਿਲਾਂ ਇਹ ਸਮਝਣ ਦੀ ਲੋੜ ਹੈ ਕਿ ਇਹ ਪਰਮਿੰਦਰ ਸਿੰਘ ਝੋਟੇ ਅਤੇ ਅਸ਼ਵਨੀ ਵਿਚਕਾਰ ਕੋਈ ਨਿੱਜੀ ਲੜਾਈ ਮਾਤਰ ਨਹੀਂ, ਸਗੋਂ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਅਤੇ ਨਸ਼ਿਆਂ ਦੇ ਕਾਰੋਬਾਰ ਨੂੰ ਚੱਲਦਾ ਰੱਖਣ ਵਾਲੇ ਤੰਤਰ ਵਿਰੁੱਧ ਲੜਾਈ ਹੈ। ਇਸ ਘਟਨਾ ਦੇ ਸਾਰੇ ਤੱਥ ਜਾਂਚ ਰਾਹੀਂ ਸਾਹਮਣੇ ਆਉਣੇ ਚਾਹੀਦੇ ਹਨ। ਜੇਕਰ ਕਿਸੇ ਰਸੂਖਦਾਰ ਵਿਅਕਤੀ ਜਾਂ ਅਧਿਕਾਰੀ ਦੀ ਨਸ਼ਿਆਂ ਦੇ ਗ਼ੈਰ-ਕਾਨੂੰਨੀ ਕਾਰੋਬਾਰ ਵਿੱਚ ਭੂਮਿਕਾ ਸਾਹਮਣੇ ਆਉਂਦੀ ਹੈ ਤਾਂ ਉਸ ਵਿਰੁੱਧ ਬਿਨਾਂ ਕਿਸੇ ਸਿਆਸੀ ਦਬਾਅ ਦੇ ਕਾਰਵਾਈ ਕਰਵਾਉਣ ਲਈ ਲੋਕ ਏਕਤਾ ਬੇਹੱਦ ਜਰੂਰੀ ਹੈ। ਪਰ ਅਫਸੋਸ ਹੀ ਇਸ ਗੱਲ ਦਾ ਹੈ ਕਿ ਸਰਕਾਰਾਂ ਵੱਲੋਂ ਅਜਿਹਾ ਕੁੱਝ ਵੀ ਨਹੀ ਹੋਣਾ,ਜੋ ਲੋਕ ਹਿਤ ਵਿੱਚ ਹੋਵੇ। ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਇੰਨੀ ਗੰਭੀਰ ਕਿਉਂ ਬਣੀ ਹੋਈ ਹੈ?

ਜੇਕਰ ਸਰਕਾਰਾਂ ਨਸ਼ਿਆਂ ਵਿਰੁੱਧ ਮੁਹਿੰਮਾਂ ਚਲਾਉਂਦੀਆਂ ਹਨ, ਨਸ਼ਾ ਤਸਕਰਾਂ ਨੂੰ ਫੜਨ ਦੇ ਦਾਅਵੇ ਕਰਦੀਆਂ ਹਨ ਅਤੇ ਹਰ ਰੋਜ਼ ਕਾਰਵਾਈਆਂ ਦੀਆਂ ਖ਼ਬਰਾਂ ਛਪਦੀਆਂ ਹਨ, ਤਾਂ ਫਿਰ ਐਨੀ ਵੱਡੀ ਤਾਦਾਦ ਵਿੱਚ ਨਸ਼ਾ ਮੁੜ ਮੁੜ ਕਿੱਥੋ ਆਉਂਦਾ ਹੈ। ਪੰਜਾਬ ਪੁਲਿਸ ਦੇ ਆਏ ਦਿਨ ਕਿਸੇ ਨਾ ਕਿਸੇ ਸਹਿਰ ਦੇ ਬਦਨਾਮ ਇਲਾਕੇ ਦੀ ਤਲਾਸ਼ੀ ਦੀਆਂ ਖਬਰਾਂ ਆਉਂਦੀਆਂ ਰਹਿੰਦੀਆਂ ਹਨ,ਪਰ ਉਸ ਇਲਾਕੇ ਚੋ ਪੁਲਿਸ ਦੇ ਵਾਪਸ ਚਲੇ ਜਾਣ ਤੋ ਬਾਅਦ ਤੁਰੰਤ ਨਸ਼ੇ ਦੀ ਸਪਲਾਈ ਫਿਰ ਸ਼ੁਰੂ ਹੋ ਜਾਂਦੀ ਹੈ। ਜੇਕਰ ਸਰਕਾਰੀ ਦਾਅਵਿਆਂ ਦੇ ਬਾਵਜੂਦ ਨਸ਼ਿਆਂ ਦਾ ਕਾਰੋਬਾਰ ਜਾਰੀ ਰਹਿੰਦਾ ਹੈ ਤਾਂ ਸਿਰਫ਼ ਅੰਕੜੇ ਪੇਸ਼ ਕਰਨ ਦੀ ਬਜਾਏ ਇਹ ਦੱਸਣਾ ਪਵੇਗਾ ਕਿ ਇਸ ਕਾਰੋਬਾਰ ਦੀਆਂ ਜੜ੍ਹਾਂ ਕਿਉਂ ਨਹੀਂ ਪੁੱਟੀਆਂ ਜਾ ਰਹੀਆਂ। ਇਹੋ ਕਾਰਨ ਹੈ ਕਿ ਲੋਕਾਂ ਦਾ ਭਰੋਸਾ ਪੁਲਿਸ ਪ੍ਰਸ਼ਾਸ਼ਨ ਅਤੇ ਸਰਕਾਰ ਤੋ ਪੂਰੀ ਤਰਾਂ ਉੱਠ ਚੁੱਕਾ ਹੈ। ਜੇਕਰ ਕੋਈ ਵਿਅਕਤੀ ਨਸ਼ਿਆਂ ਦੇ ਕਥਿਤ ਕਾਰੋਬਾਰ ਨੂੰ ਬੇਨਕਾਬ ਕਰਨ ਲਈ ਅੱਗੇ ਆਉਂਦਾ ਹੈ ਤਾਂ ਉਸ ਤੇ ਜਾਂ ਤਾਂ ਝੂਠੇ ਪਰਚੇ ਦਰਜ ਕਰਕੇ ਜੇਲਾਂ ਵਿੱਚ ਡੱਕ ਦਿੱਤਾ ਜਾਂਦਾ ਹੈ ਜਾਂ ਫਿਰ ਉਹਦਾ ਹਸ਼ਰ ਪਰਮਿੰਦਰ ਸਿੰਘ ਝੋਟੇ ਵਾਲਾ ਹੁੰਦਾ ਹੈ। ਨਸ਼ਿਆਂ ਦੀ ਇੱਸ ਸਮੱਸਿਆ ਨੂੰ ਸਮਝਣ ਲਈ ਇਹ ਸਮਝਣਾ ਹੋਰ ਵੀ ਮਹੱਤਵਪੂਰਨ ਹੈ ਕਿ ਇੱਹ ਮਹਿਜ਼ ਕਿਸੇ ਦਵਾਈ ਵਿਕਰੇਤਾ ਵਿਰੁੱਧ ਨਸ਼ੀਲੀਆਂ ਦਵਾਈਆਂ ਦੀ ਗ਼ੈਰ-ਕਾਨੂੰਨੀ ਵਿਕਰੀ ਦਾ ਮਸਲਾ ਨਹੀ ਹੈ,ਬਲਕਿ ਇਸ ਘਟਨਾ ਨੂੰ ਇੱਕ ਯੋਜਨਾਬੱਧ ਸਾਜ਼ਿਸ਼ ਵਜੋ ਸਮਝਿਆ ਜਾਣਾ ਚਾਹੀਦਾ ਹੈ। ਪੰਜਾਬ ਦੇ ਲੋਕਾਂ ਦਾ ਤਜਰਬਾ ਇਹ ਰਿਹਾ ਹੈ ਕਿ ਕਿਸੇ ਵੱਡੀ ਘਟਨਾ ਤੋਂ ਬਾਅਦ ਲੋਕ ਸੜਕਾਂ ਉੱਤੇ ਉਤਰਦੇ ਹਨ, ਰੋਸ ਪ੍ਰਦਰਸ਼ਨ ਹੁੰਦੇ ਹਨ, ਸਿਆਸੀ ਆਗੂ ਬਿਆਨ ਦਿੰਦੇ ਹਨ, ਸਰਕਾਰਾਂ ਕਾਰਵਾਈ ਦਾ ਭਰੋਸਾ ਦਿੰਦੀਆਂ ਹਨ ਅਤੇ ਕੁਝ ਸਮੇਂ ਬਾਅਦ ਮਸਲਾ ਹੌਲੀ-ਹੌਲੀ ਲੋਕਾਂ ਦੀ ਯਾਦ ਵਿੱਚੋਂ ਪਿੱਛੇ ਚਲਾ ਜਾਂਦਾ ਹੈ। ਪਰ ਜਿਹੜੀਆਂ ਸਮੱਸਿਆਵਾਂ ਕਾਰਨ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ, ਉਹ ਜਿਉਂ ਦੀਆਂ ਤਿਉਂ ਰਹਿ ਜਾਂਦੀਆਂ ਹਨ। ਲੋਕਾਂ ਦਾ ਗੁੱਸਾ ਠੰਢਾ ਹੋ ਜਾਂਦਾ ਹੈ, ਪਰਿਵਾਰ ਆਪਣੇ ਦੁੱਖ ਨਾਲ ਇਕੱਲੇ ਲੜਦੇ ਰਹਿ ਜਾਂਦੇ ਹਨ ਅਤੇ ਤੰਤਰ ਦੀ ਜਵਾਬਦੇਹੀ ਦਾ ਸਵਾਲ ਮੁੜ ਅਣਗੌਲਿਆ ਹੋ ਜਾਂਦਾ ਹੈ। ਇਸ ਵਾਰ ਵੀ ਇਹ ਖ਼ਤਰਾ ਦਰਪੇਸ਼ ਹੈ। ਪਰਮਿੰਦਰ ਸਿੰਘ ਝੋਟੇ ਦੀ ਮੌਤ ਉੱਤੇ ਲੱਖਾਂ ਲੋਕਾਂ ਦੀ ਹਮਦਰਦੀ ਜੁੜ ਰਹੀ ਹੈ,ਵੱਡੇ ਇਕੱਠ ਹੋ ਰਹੇ ਹਨ ਅਤੇ ਸਰਕਾਰ ਕੁਝ ਮੰਗਾਂ ਮੰਨ ਲਵੇਗੀ,ਕੁੱਝ ਲਾਰਿਆਂ ਵਿੱਚ ਲਟਕਾ ਦਿੱਤਾ ਜਾਵੇਗਾ ਅਤੇ ਲੋਕ ਏਕਤਾ ਨੂੰ ਤੋੜਨ ਦੇ ਯਤਨ ਹੋਣਗੇ,ਪਰ ਜੇਕਰ ਨਸ਼ਿਆਂ ਦੀ ਸਪਲਾਈ, ਗ਼ੈਰ-ਕਾਨੂੰਨੀ ਵਿਕਰੀ ਅਤੇ ਪ੍ਰਸ਼ਾਸਨਿਕ ਨਾਕਾਮੀਆਂ ਦੇ ਸਵਾਲਾਂ ਦਾ ਪੱਕਾ ਹੱਲ ਨਾ ਨਿਕਲਿਆ ਤਾਂ ਜਵਾਬਦੇਹੀ ਕੀਹਦੀ ਹੋਵੇਗੀ। ਇਸ ਸੰਦਰਭ ਵਿੱਚ 15 ਅਕਤੂਬਰ 2026 ਨੂੰ ਪੰਜਾਬ ਬੰਦ ਦੌਰਾਨ ਹੋਏ ਵਿਆਪਕ ਰੋਸ ਨੇ ਦਿਖਾਇਆ ਹੈ ਕਿ ਇਹ ਮਾਮਲਾ ਸਿਰਫ਼ ਮਾਨਸਾ ਤੱਕ ਸੀਮਤ ਨਹੀਂ ਰਿਹਾ। ਵੱਖ-ਵੱਖ ਥਾਵਾਂ ਉੱਤੇ ਲੋਕਾਂ ਨੇ ਇਸ ਘਟਨਾ ਵਿਰੁੱਧ ਰੋਸ ਪ੍ਰਗਟ ਕੀਤਾ ਅਤੇ ਨਿਰਪੱਖ ਜਾਂਚ ਤੇ ਜਵਾਬਦੇਹੀ ਦੀ ਮੰਗ ਉੱਠੀ। ਇਹ ਲੋਕਾਂ ਦੇ ਗੁੱਸੇ ਦਾ ਪਰਮਾਣ ਹੈ, ਪਰ ਇਸ ਗੁੱਸੇ ਨੂੰ ਸਥਾਈ ਅਤੇ ਨਤੀਜਾਕੁਨ ਕਾਰਵਾਈ ਵਿੱਚ ਬਦਲਣਾ ਹੀ ਅਸਲ ਚੁਣੌਤੀ ਹੈ। ਜਿਹੜੇ ਲੋਕ ਇਸ ਘਟਨਾ ਨੂੰ ਜਾਣੇ ਅਣਜਾਣੇ ਵਿੱਚ ਫਿਰਕੂ ਰੰਗਤ ਦੇਣ ਦੀ ਗਲਤੀ ਕਰ ਰਹੇ ਹਨ, ਉਨ੍ਹਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਸ਼ਬਦਾਂ ਨਾਲ ਕਿਸ ਨੂੰ ਲਾਭ ਹੋਵੇਗਾ, ਕੀ ਇਸ ਨਾਲ ਨਸ਼ਿਆਂ ਦਾ ਕਾਰੋਬਾਰ ਬੰਦ ਹੋ ਜਾਵੇਗਾ,ਕੀ ਨਸ਼ਿਆਂ ਦੀ ਲਪੇਟ ਵਿੱਚ ਆਏ ਨੌਜਵਾਨਾਂ ਦੀਆਂ ਜ਼ਿੰਦਗੀਆਂ ਨੂੰ ਬਚਾਇਆ ਜਾ ਸਕੇਗਾ,ਕੀ ਪ੍ਰਸ਼ਾਸਨਿਕ ਜਵਾਬਦੇਹੀ ਤੈਅ ਕਰਵਾਈ ਜਾ ਸਕੇਗੀ,ਇਨ੍ਹਾਂ ਸਵਾਲਾਂ ਦਾ ਜਵਾਬ ਨਾਂਹ ਵਿੱਚ ਹੈ।

ਫਿਰ ਅਜਿਹੀ ਬਿਆਨਬਾਜ਼ੀ ਦਾ ਕੀ ਲਾਭ ਜਿਹੜੀ ਅਪਣੇ ਹੀ ਲੋਕਾਂ ਦੇ,ਆਪਣੇ ਸਮਾਜ ਦੇ ਖਿਲਾਫ ਜਾਂਦੀ ਹੋਵੇ। ਕੈਮਰੇ ਸਾਹਮਣੇ ਬੋਲਣ ਵਾਲੇ ਹਰ ਆਗੂ, ਸਮਾਜਿਕ ਕਾਰਕੁਨ ਅਤੇ ਬੁਲਾਰੇ ਨੂੰ ਆਪਣੇ ਸ਼ਬਦਾਂ ਦੀ ਚੋਣ ਬਹੁਤ ਸੋਚ-ਸਮਝ ਕੇ ਕਰਨੀ ਚਾਹੀਦੀ ਹੈ। ਗੁੱਸਾ ਹੋਣਾ ਸੁਭਾਵਿਕ ਹੈ, ਪਰ ਗੁੱਸੇ ਨੂੰ ਅਜਿਹੀ ਦਿਸ਼ਾ ਦੇਣੀ ਚਾਹੀਦੀ ਹੈ ਜਿਹੜੀ ਦੋਸ਼ੀਆਂ ਨੂੰ ਕਾਨੂੰਨ ਦੇ ਘੇਰੇ ਵਿੱਚ ਲੈਕੇ ਆਉਣ ਲਈ ਮਜਬੂਰ ਕਰਦੀ ਹੋਵੇ, ਨਾ ਕਿ ਦੋ ਭਾਈਚਾਰਿਆਂ ਵਿਚਕਾਰ ਬੇਭਰੋਸਗੀ ਪੈਦਾ ਕਰੇ,ਬਲਕਿ ਪੰਜਾਬ ਨੂੰ ਅੱਜ ਅਜਿਹੇ ਆਗੂਆਂ ਦੀ ਲੋੜ ਹੈ ਜੋ ਲੋਕਾਂ ਨੂੰ ਜੋੜਨ, ਸੱਚ ਬੋਲਣ ਅਤੇ ਸਰਕਾਰ ਤੋਂ ਜਵਾਬ ਮੰਗਣ ਦਾ ਹੌਸਲਾ ਰੱਖਦੇ ਹੋਣ। ਇਸ ਮਾਮਲੇ ਵਿੱਚ ਨਿਆਂ ਦੀ ਮੰਗ ਵੀ ਸਪੱਸ਼ਟ ਹੋਣੀ ਚਾਹੀਦੀ ਹੈ: ਕਤਲ ਦੇ ਮਾਮਲੇ ਦੀ ਨਿਰਪੱਖ ਅਤੇ ਸਮਾਂਬੱਧ ਜਾਂਚ ਹੋਵੇ, ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਸਬੂਤਾਂ ਅਨੁਸਾਰ ਕਾਨੂੰਨੀ ਕਾਰਵਾਈ ਹੋਵੇ, ਨਸ਼ਿਆਂ ਦੀ ਕਥਿਤ ਗ਼ੈਰ-ਕਾਨੂੰਨੀ ਵਿਕਰੀ ਦੇ ਦੋਸ਼ਾਂ ਦੀ ਵੱਖਰੇ ਤੌਰ ਉੱਤੇ ਜਾਂਚ ਹੋਵੇ ਅਤੇ ਜੇਕਰ ਕਿਸੇ ਪੁਲਿਸ ਅਧਿਕਾਰੀ ਜਾਂ ਸਰਕਾਰੀ ਕਰਮਚਾਰੀ ਦੀ ਲਾਪਰਵਾਹੀ ਜਾਂ ਮਿਲੀਭੁਗਤ ਸਾਹਮਣੇ ਆਉਂਦੀ ਹੈ ਤਾਂ ਉਸ ਨੂੰ ਵੀ ਜਵਾਬਦੇਹ ਬਣਾਇਆ ਜਾਵੇ। ਇਸ ਦੇ ਨਾਲ ਹੀ ਨਸ਼ਿਆਂ ਵਿਰੁੱਧ ਕੰਮ ਕਰਨ ਵਾਲੇ ਲੋਕਾਂ ਦੀ ਸੁਰੱਖਿਆ ਅਤੇ ਸ਼ਿਕਾਇਤਾਂ ਉੱਤੇ ਤੁਰੰਤ ਕਾਰਵਾਈ ਲਈ ਠੋਸ ਪ੍ਰਬੰਧ ਕੀਤੇ ਜਾਣ। ਇਹ ਮੰਗਾਂ ਕਿਸੇ ਇੱਕ ਫਿਰਕੇ ਦੀਆਂ ਨਹੀਂ, ਸਗੋਂ ਹਰ ਪੰਜਾਬੀ ਦੀਆਂ ਮੰਗਾਂ ਹਨ। ਅੰਤ ਵਿੱਚ ਗੱਲ ਮੁੜ ਉੱਥੇ ਹੀ ਆਉਂਦੀ ਹੈ ਕਿ ਪਰਮਿੰਦਰ ਸਿੰਘ ਝੋਟੇ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 4 ਸਤੰਬਰ, 2026 ਤੋਂ ਆਰੰਭ ਹੋ ਚੁੱਕੀ ਹੈ ਜੋ ਕਿ 1 ਨਵੰਬਰ, 2026 ਨੂੰ ਨਗਰ ਕੀਰਤਨ ਨਾਲ ਸਮਾਪਤ ਹੋਵੇਗੀ।

ਪਹੁੰਚ ਰਹੇ ਜੱਥੇ ਅਤੇ ਪ੍ਰਚਾਰਕ

ਕੀਰਤਨੀ ਜਥੇ
- ਭਾਈ ਕਮਲਜੀਤ ਸਿੰਘ ਜੀ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ
- ਭਾਈ ਮਨਿੰਦਰ ਸਿੰਘ ਜੀ, ਸ੍ਰੀ ਨਗਰ ਵਾਲੇ

ਕਥਾ ਵਾਚਕ
- ਭਾਈ ਗੁਰਦੀਪ ਸਿੰਘ ਕਪੂਰਥਲੇ ਵਾਲੇ

ਢਾਡੀ
- ਭਾਈ ਸੁਖਵਿੰਦਰ ਸਿੰਘ ਅਨਮੋਲ ਜੀ ਅਤੇ ਜਥਾ

ਵਿਸ਼ੇਸ਼ ਕੀਰਤਨ ਸਮਾਗਮ

19 ਅਕਤੂਬਰ, 2026 ਦਿਨ ਸੋਮਵਾਰ ਤੋਂ ਰੋਜ਼ਾਨਾ ਸ਼ਾਮ ਦੇ 06:00 ਵਜੇ ਤੋਂ ਰਾਤ 10:00 ਵਜੇ ਤੱਕ
ਕੀਰਤਨ ਦੀਵਾਨ ਆਰੰਭ ਹੋਣਗੇ ਜੀ।

ਇਸਤੋਂ ਇਲਾਵਾ ਹੋਰ ਕਈ ਉੱਚ ਕੋਟੀ ਦੇ ਰਾਗੀ ਅਤੇ ਢਾਡੀ ਅਤੇ ਕੀਰਤਨੀ ਜੱਥੇ ਸੰਗਤਾਂ ਨੂੰ ਰਸਭਿੰਨੇ ਕੀਰਤਨ ਤੇ ਕਥਾ ਵਿਚਾਰਾਂ ਨਾਲ ਗੁਰੂ ਦੀਆਂ ਸੰਗਤਾਂ ਨੂੰ ਨਿਹਾਲ ਕਰਨਗੇ |

ਬੱਚਿਆਂ ਦਾ ਵਿਸ ਕੀਰਤਨ ਦਰਬਾਰ
ਅਕਤੂਬਰ 10, 2026 ਦਿਨ ਸ਼ਨੀਵਾਰ
ਬੱਚਿਆਂ ਦਾ
ਵਿਸ਼ੇਸ਼ ਕੀਰਤਨ ਦਰਬਾਰ
ਸ਼ਾਮ 6:30 ਵਜੇ ਤੋਂ ਰਾਤ 09:30 ਹੋਵੇਗਾ ਜੀ

ਵਿਸ਼ੇਸ਼ ਢਾਡੀ ਦਰਬਾਰ ਅਤੇ ਸ਼ਹੀਦੀ ਦਿਵਸ
24 ਅਕਤੂਬਰ, 2026 ਦਿਨ ਸ਼ਨੀਵਾਰ ਨੂੰ
ਸ਼ਾਮ 6:30 ਵਜੇ ਤੋਂ 10:00 ਵਜੇ ਤੱਕ
ਸਮੂਹ ਸ਼ਹੀਦਾਂ ਦੀ ਸ਼ਹੀਦੀ ਨੂੰ ਸਮਰਪਿਤ ਵਿਸ਼ੇਸ਼
ਢਾਡੀ ਦੀਵਾਨ ਸੱਜਣਗੇ ਜੀ

ਰੈਣ ਸਬਾਈ ਕੀਰਤਨ
31 ਅਕਤੂਬਰ, 2026 ਦਿਨ ਸ਼ਨੀਵਾਰ ਨੂੰ
ਰੈਣ ਸਬਾਈ ਕੀਰਤਨ ਸ਼ਾਮ 6:00 ਵਜੇ ਤੋਂ
ਰਾਤ 1:00 ਤੱਕ ਹੋਵੇਗਾ ਜਿਸ ਵਿੱਚ ਪ੍ਰਸਿੱਧ ਰਾਗੀ ਜਥੇ
ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ

ਆਤਿਸ਼ਬਾਜ਼ੀ
30 ਅਕਤੂਬਰ, 2026
ਦਿਨ ਸ਼ੁੱਕਰਵਾਰ ਨੂੰ ਰਾਤ 8:00 ਵਜੇ
ਆਤਿਸ਼ਬਾਜ਼ੀ ਹੋਵੇਗੀ ਜੀ |

ਭਾਈ ਮਹਿਤਾਬ ਸਿੰਘ ਜੀ ਦਾ ਜਨਮ ਦਿਹਾੜਾ
12 ਅਕਤੂਬਰ, ਐਤਵਾਰ ਤੋਂ 17 ਅਕਤੂਬਰ, ਸ਼ਨੀਵਾਰ ਤੱਕ
ਸਮਾਂ: ਸ਼ਾਮ 8 ਵਜੇ ਤੋਂ 9:30 ਵਜੇ ਤੱਕ
)) 18 ਅਕਤੂਬਰ, ਐਤਵਾਰ ((
ਸਮਾਂ: 12 ਵਜੇ ਤੋਂ 1:30 ਵਜੇ ਤੱਕ

ਦਸਤਾਰ ਮੁਕਾਬਲੇ
31 ਅਕਤੂਬਰ, ਸ਼ਨੀਵਾਰ
ਸਵੇਰੇ 11 ਵਜੇ

ਅੰਮ੍ਰਿਤ ਸੰਚਾਰ
31 ਅਕਤੂਬਰ, 2026 ਨੂੰ ਦਿਨ ਸ਼ਨੀਵਾਰ
ਸਵੇਰੇ 5:00 ਵਜੇ
ਅੰਮ੍ਰਿਤ ਸੰਚਾਰ ਹੋਵੇਗਾ ਜੀ |

ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ
31 ਅਕਤੂਬਰ, 2026 ਦਿਨ ਸ਼ਨੀਵਾਰ
ਸਵੇਰੇ 8:00 ਵਜੇ ਨਿਸ਼ਾਨ ਸਾਹਿਬ ਜੀ ਦੇ
ਚੋਲੇ ਦੀ ਸੇਵਾ ਹੋਵੇਗੀ ਜੀ |

ਸੈਮੀਨਾਰ
31 ਅਕਤੂਬਰ, ਸ਼ਨੀਵਾਰ
ਸਮਾਂ: 2 ਵਜੇ ਤੋਂ 4 ਵਜੇ ਤੱਕ

ਭੋਗ ਅਤੇ ਕੀਰਤਨ ਸਮਾਗਮ
1 ਨਵੰਬਰ, 2026 ਦਿਨ ਐਤਵਾਰ ਨੂੰ
ਸਵੇਰੇ 7:30 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ
ਪਾਏ ਜਾਣਗੇ ਜੀ ਅਤੇ ਉਪਰੰਤ ਕੀਰਤਨ ਸਮਾਗਮ ਅਰੰਭ ਹੋਵੇਗਾ ਜੀ |

ਨਗਰ ਕੀਰਤਨ
1 ਨਵੰਬਰ, 2026 ਦਿਨ ਐਤਵਾਰ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਵੇਰੇ 9:00 ਵਜੇ ਸ਼ੁਰੂ ਹੋ ਕੇ ਸ਼ਾਮ 4:00 ਵਜੇ ਗੁਰਦੁਆਰਾ ਸਾਹਿਬ ਪਹੁੰਚੇਗਾ | ਉਪਰੰਤ ਸਮਾਪਤੀ ਦੀ ਅਰਦਾਸ ਹੋਵੇਗੀ ਜੀ |

ਜ਼ਰੂਰੀ ਬੇਨਤੀ ਸਮੂਹ ਨਾਨਕ ਨਾਮ ਲੇਵਾ ਸੰਗਤ ਨੂੰ ਬੇਨਤੀ ਹੈ ਕਿ ਆਪਣੇ ਪਰਿਵਾਰਾਂ ਸਮੇਤ ਆ ਕੇ ਨਗਰ ਕੀਰਤਨ ਵਿੱਚ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ |

ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ, ਗੱਡੀਆਂ ਦੀ ਪਾਰਕਿੰਗ ਸਿਰਫ਼ ਨੀਯਤ ਜਗ੍ਹਾ 'ਤੇ ਹੀ ਕੀਤੀ ਜਾਵੇਗੀ ਜੀ, ਰਿਵਰ ਵੈਲੀ ਹਾਈ ਸਕੂਲ ਤੋਂ ਗੁਰੂ ਘਰ ਲਈ ਸਵੇਰੇ 8 :00 ਵਜੇ ਤੋਂ ਸ਼ਾਮ 6:30 ਤੱਕ ਫ਼ਰੀ ਬੱਸਾਂ ਦਾ ਪ੍ਰਬੰਧ ਹੋਵੇਗਾ ਅਤੇ ਸਕਿਉਰਿਟੀ ਦਾ ਖ਼ਾਸ ਪ੍ਰਬੰਧ ਕੀਤਾ ਗਿਆ ਹੈ ਜੀ ਅਤੇ ਦੁਕਾਨਾਂ ਦਾ ਬਜ਼ਾਰ ਪਿਛਲੇ ਸਾਲ ਵਾਲੀ ਜਗ੍ਹਾ ਤੇ ਹੀ ਹੋਵੇਗਾ ਜੀ |

ਬੇਨਤੀ ਕਰਤਾ : ਗੁਰੂ ਘਰ ਦੇ ਦਾਸ ਸਮੂਹ ਪ੍ਰਬੰਧਕ ਕਮੇਟੀ : ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ

ਭਾਈ ਰਣਜੀਤ ਸਿੰਘ ਜੀ (ਹੈੱਡ ਗ੍ਰੰਥੀ ਯੂਬਾ ਸਿਟੀ) (530) 673-9918, (530) 799-6989
ਚੇਅਰਮੈਨ ਸ: ਦਿਲਬਾਗ ਸਿੰਘ ਜੀ ਬੈਂਸ (530) 682-9316, ਪ੍ਰਧਾਨ ਸ: ਸਰਬਜੀਤ ਸਿੰਘ ਜੀ ਬਿਆੜਾ (530) 682-5861
ਸੈਕਟਰੀ ਸ: ਤੇਜਿੰਦਰ ਸਿੰਘ ਜੀ ਦੋਸਾਂਝ (530) 751-6322, ਖਜਾਨਚੀ ਸ : ਹਰਨੇਕ ਸਿੰਘ ਜੀ (530) 682-8094

ਐਡਮਿੰਟਨ ਵਿਖੇ ਪ੍ਰਸਿੱਧ ਸ਼ਾਇਰ ਕੁਲਵਿੰਦਰ ਫੁੱਲ ਦੀ ਪੁਸਤਕ 'ਤੇਰੇ ਬਿਨਾ' ਦਾ ਦ੍ਰਿਸ਼ ਪ੍ਰਦਰਸ਼ਨ ਤੇ ਕਵੀ ਦਰਬਾਰ

ਐਡਮਿੰਟਨ
ਸਾਂਝੀ ਸੋਚ ਬਿਊਰੋ

ਐਡਮਿੰਟਨ (ਕਨੇਡਾ) ਦੀ ਖ਼ੂਬਸੂਰਤ ਐਡਮਿੰਟਨ ਪਬਲਿਕ ਲਾਇਬਰੇਰੀ ਮੈਡੋਜ਼ 17 ਸਟਰੀਟ ਵਿਖੇ ਪ੍ਰਸਿੱਧ ਗਜ਼ਲਗੋ ਕੁਲਵਿੰਦਰ ਫੁੱਲ ਦੀ ਪੁਸਤਕ 'ਤੇਰੇ ਬਿਨਾ' ਦਾ ਦ੍ਰਿਸ਼ ਪ੍ਰਦਰਸ਼ਨ, ਸਨਮਾਨ ਤੇ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਕੁਲਵਿੰਦਰ ਫੁੱਲ ਦਲਬੀਰ ਸਿੰਘ ਰਿਆੜ ਤੇ ਸੁਰਜੀਤ ਕੌਰ ਧਾਲੀਵਾਲ ਨੇ ਕੀਤੀ। ਮੁੱਖ ਮਹਿਮਾਨ ਵਜੋਂ ਜਸਵੀਰ ਦਿਓਲ ਐਮਐਲਏ, ਮੈਡਮ ਰਾਜ ਉੱਪਲ ਪ੍ਰਧਾਨ ਕਨੇਡੀਅਨ ਯੂਨੀਅਨ ਆਫ ਪਬਲਿਕ ਇਮਪਲਾਈਜ਼ ਅਲਬਰਟਾ ਤੇ ਉਬਰਦੇ ਗੀਤਕਾਰ ਕਾਲਮ ਨਵੀਸ ਦੀਪਾ ਬੰਡਾਲਾ ਨੇ ਸ਼ਿਰਕਤ ਕੀਤੀ। ਬਲਵਿੰਦਰ ਬਾਲਮ, ਦਲਬੀਰ ਸਿੰਘ ਰਿਆੜ ਤੇ ਅੰਮ੍ਰਿਤਪਾਲ ਸਿੰਘ ਨੇ ਸਭਾ ਦੀਆਂ ਪ੍ਰਾਪਤੀਆਂ ਦੇ ਨਾਲ ਨਾਲ ਸਭਨਾਂ ਨੂੰ ਜੀ ਆਇਆ ਕਹਿ ਕੇ ਧੰਨਵਾਦ ਕੀਤਾ। ਇਸ ਮੌਕੇ ਤੇ ਜਸਬੀਰ ਦਿਓਲ ਤੇ ਮੈਡਮ ਰਾਜ ਉੱਪਲ ਨੇ ਆਪਣੇ ਨਿਜੀ ਤੇ ਕਨੇਡਾ ਦੇ ਹਾਲਾਤਾਂ ਉੱਪਰ ਵਿਚਾਰ ਰੱਖੇ। ਗਜ਼ਲਗੋ ਕੁਲਵਿੰਦਰ ਫੁੱਲ ਨੇ ਆਪਣੀ ਜੀਵਨਸ਼ੈਲੀ ਤੇ ਪੁਸਤਕ ਦੀ ਰਚਨਾਤਮਕਤਾ ਉੱਪਰ ਚਾਨਣਾ ਪਾਇਆ।

ਬਲਵਿੰਦਰ ਬਾਲਮ ਨੇ ਕੁਲਵਿੰਦਰ ਫੁੱਲ ਦੀ ਪੁਸਤਕ 'ਤੇਰੇ ਬਿਨਾ' ਉੱਪਰ ਵਿਚਾਰ ਰੱਖਦੇ ਹੋਏ ਕਿਹਾ ਕਿ ਕੁਲਵਿੰਦਰ ਫੁੱਲ ਇੱਕ ਪਰਪੱਕ ਗਜ਼ਲਗੋ ਹੈ ਅਤੇ ਮਰਹੂਮ ਜਨਾਬ ਦੀਪਕ ਜੈਤੋਈ ਸਾਹਿਬ ਦਾ ਸ਼ਗਿਰਦ ਹੈ। ਉਸ ਦੀਆਂ ਗਜ਼ਲਾਂ ਦੇ ਰੁਕਨ, ਅਰਕਾਨ, ਅਵ੍ਰਧ, ਅਵਰਧਕ, ਸਾਕਨ, ਮੁਤਹਰਕ ਅਤੇ ਬਹਿਰ, ਵਜ਼ਨ, ਭਾਸ਼ਾ ਦਾ ਪੂਰਾ ਪੂਰਾ ਖ਼ਿਆਲ ਰੱਖਿਆ ਗਿਆ ਹੈ। ਬੇਸ਼ਕ ਛੋਟੀਆਂ ਬਹਿਰਾਂ ਦੀ ਵਰਤੋਂ ਕੀਤੀ ਗਈ ਹੈ ਪਰ ਸ਼ੇਅਰਾਂ ਵਿੱਚ ਤੰਦਰੁਸਤੀ ਤੇ ਝਰਨੇ ਦੇ ਵਹਿਣ ਵਾਂਗ ਰਵਾਨਗੀ ਤੇ ਰਸ ਪੈਦਾ ਕਰਦੀ ਹੈ। ਪੁਸਤਕ ਵਿੱਚ ਕੁੱਲ 112 ਗਜ਼ਲਾਂ ਹਨ।

ਇਹਨਾਂ ਦੀਆਂ ਗਜ਼ਲਾਂ ਪੜ੍ਹਦਿਆਂ ਜਿਹੜੇ ਸ਼ੇਅਰ ਮਨ ਵਿੱਚ ਪੂਰੀ ਤਰ੍ਹਾਂ ਜਜ਼ਬ ਹੋ ਜਾਂਦੇ ਹਨ, ਆਓ ਆਪਾਂ ਵੀ ਉਹਨਾਂ ਨਾਲ ਆਪਣੀ ਸਾਂਝ ਪਾਈਏ। ਜਿਵੇਂ ਕਿ-

ਬਦਲ ਕਿਰਪਾ ਕਰ ਜਾਏਗਾ ਹੌਲੀ ਹੌਲੀ
ਸੜਕਾਂ ਸਾਗਰ ਭਰ ਜਾਵੇਗਾ ਹੌਲੀ ਹੌਲੀ
ਅਤੇ
ਤਾਜ਼ਾ ਹਵਾ ਹਮੇਸ਼ਾ ਆਵੇਗੀ ਯਾਰੋ
ਜ਼ਿਹਨ ਦੇ ਵਿੱਚ ਜੇ ਆਪਾਂ ਬਾਰੀ ਲਾਈਏ
ਅਤੇ
ਰੋਜ਼ ਏਸ ਦੀ ਪੂਜਾ ਕਰਨੀ ਪੈਂਦੀ ਹੈ
ਹੱਥੀਂ ਮਿੱਟੀ ਗੋਹ ਕੇ ਬੁੱਤ ਬਣਾਇਆ ਹੈ
ਅਤੇ
ਮਾੜੇ ਲਫ਼ਜ਼ ਜੋ ਗੀਤਾਂ ਦੇ
ਇਹ ਪੁੜੀਆਂ ਨੇ ਜ਼ਹਿਰ ਦੀਆਂ
ਅਤੇ
ਔਰਤਾਂ ਜੇ ਪਾਉਣ ਜੇਵਰ ਵਾਂਗਰਾ
ਇੱਕ ਨਵੀਂ ਸੂਖਮ ਹਯਾ ਹੈ ਜ਼ਿੰਦਗੀ



ਕੁਲਵਿੰਦਰ ਫੁੱਲ ਨੇ ਭੌਤਿਕ ਸੰਦਰਭ, ਰੁਮਾਂਟਿਕਤਾ ਅਤੇ ਜੀਵਨ ਦੇ ਹਰ ਪਹਿਲੂ ਉੱਪਰ ਸ਼ੇਅਰ ਕਹੇ ਹਨ।

ਇਸ ਮੌਕੇ ਤੇ ਕੁਲਵਿੰਦਰ ਫੁੱਲ, ਜਸਬੀਰ ਦਿਓਲ ਐਮਐਲਏ ਅਤੇ ਰਾਜ ਉੱਪਲ ਨੂੰ ਗੁਰਮੁਖੀ ਅੰਕਿਤ ਸ਼ਾਲ ਨਾਲ ਨਿਵਾਜ਼ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਹਾਜ਼ਰ ਕਵੀਆਂ ਤੇ ਸਾਹਿਤ ਪ੍ਰੇਮੀਆਂ ਨੇ ਭਾਗ ਲਿਆ। ਉਹਨਾਂ ਦੇ ਨਾਮ ਦਲਬੀਰ ਸਿੰਘ ਰਿਆੜ, ਬਲਵਿੰਦਰ ਬਾਲਮ, ਦੀਪਾ ਬੰਡਾਲਾ, ਦਰਸ਼ਨ ਅਣਜਾਣ, ਸੁਰਜੀਤ ਕੌਰ ਧਾਲੀਵਾਲ, ਅੰਮ੍ਰਿਤਪਾਲ ਅੰਮ੍ਰਿਤ, ਅਜੀਤ ਸਿੰਘ ਖੰਗੂੜਾ, ਕਾਰਜ ਸਿੰਘ ਔਲਖ, ਨਰਿੰਦਰ ਸਿੰਘ ਲੁਬਾਣਾ, ਕੁਲਵਿੰਦਰ ਫੁੱਲ, ਤਜਿੰਦਰਪਾਲ ਸਿੰਘ ਰਿਆੜ, ਕਰਨੈਲ ਸਿੰਘ ਪਰਮਾਰ, ਸੁਖਦੇਵ ਸਿੰਘ, ਸਤਨਾਮ ਸਿੰਘ ਗਾਹਲੇ, ਪਾਰਸ ਮਹੀਨਿਆਂ, ਗੁਰਨਾਮ ਸਿੰਘ ਅਟਵਾਲ, ਮਲਕੀਤ ਸਿੰਘ, ਮਹਿੰਦਰ ਸਿੰਘ ਔਲਖ, ਮਨਜੀਤ ਸਿੰਘ ਬੱਲ, ਦਵਿੰਦਰ ਸਿੰਘ ਬੈਂਸ, ਨਰਿੰਦਰ ਸਿੰਘ ਅਟਵਾਲ, ਕਿਰਪਾਲ ਸਿੰਘ ਧੂਰੀ, ਨਸੀਰ ਮਹਿਮੂਦ ਅਤੇ ਕੇਵਲ ਸਿੰਘ ਬਲ ਨੇ ਭਾਗ ਲਿਆ। ਮੌਕੇ ਤੇ ਕਵੀਆਂ ਨੇ ਕਵਿਤਾਵਾਂ ਸੁਣਾ ਕੇ ਖੂਬ ਰੰਗ ਬੰਨਿਆ। ਇਹ ਸਮਾਗਮ ਇੱਕ ਯਾਦਗਾਰੀ ਚਿੰਨ ਛੱਡ ਗਿਆ।

ਟਿਕਾਊ ਰੁਜ਼ਗਾਰ ਸਿਰਜਣ ਲਈ ਉੱਚ-ਗੁਣਵੱਤਾ ਵਾਲੇ ਅਤੇ ਸਮਾਵੇਸ਼ੀ ਆਰਥਿਕ ਵਿਕਾਸ ਦੀ ਲੋੜ: ਵਿੱਤ ਮੰਤਰੀ ਸੀਤਾਰਮਨ

ਬੈਂਕਾਕ
ਸਾਂਝੀ ਸੋਚ ਬਿਊਰੋ

ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਰੁਜ਼ਗਾਰ ਪੈਦਾ ਕਰਨ ਲਈ ਇੱਕ ਪੂਰੇ 'ਈਕੋ ਸਿਸਟਮ' (ਵਾਤਾਵਰਣ ਪ੍ਰਣਾਲੀ) ਦੀ ਲੋੜ ਹੁੰਦੀ ਹੈ, ਨਾ ਕਿ ਸਿਰਫ਼ ਵੱਖਰੇ-ਵੱਖਰੇ ਯਤਨਾਂ ਦੀ। ਉਨ੍ਹਾਂ ਕਿਹਾ ਕਿ ਟਿਕਾਊ ਰੁਜ਼ਗਾਰ ਸਿਰਜਣ ਵਾਸਤੇ ਉੱਚ-ਗੁਣਵੱਤਾ ਵਾਲੇ ਅਤੇ ਸਮਾਵੇਸ਼ੀ ਆਰਥਿਕ ਵਿਕਾਸ ਦੀ ਲੋੜ ਹੁੰਦੀ ਹੈ। ਥਾਈਲੈਂਡ ਦੇ ਬੈਂਕਾਕ ਵਿੱਚ 'ਡਿਵੈਲਪਮੈਂਟ ਕਮੇਟੀ ਪਲੇਨਰੀ' ਦੀ 114ਵੀਂ ਮੀਟਿੰਗ ਵਿੱਚ ਵਿਸ਼ਵ ਬੈਂਕ ਵਿੱਚ ਭਾਰਤ ਦੀ ਗਵਰਨਰ ਵਜੋਂ ਹਿੱਸਾ ਲੈਂਦਿਆਂ, ਵਿੱਤ ਮੰਤਰੀ ਸੀਤਾਰਮਨ ਨੇ ਕਿਹਾ ਕਿ ਅਜਿਹੇ ਵਿਕਾਸ ਲਈ ਸਮੁੱਚੀ ਆਰਥਿਕ ਸਥਿਰਤਾ, ਕੁਸ਼ਲ ਬੁਨਿਆਦੀ ਢਾਂਚਾ, ਸਰਲ ਅਤੇ ਸਪੱਸ਼ਟ ਨਿਯਮ, ਅਤੇ ਵਿੱਤ (ਪੂੰਜੀ) ਤੇ ਹੁਨਰ ਤੱਕ ਵਿਆਪਕ ਪਹੁੰਚ ਹੋਣੀ ਜ਼ਰੂਰੀ ਹੈ। ਵਿੱਤ ਮੰਤਰੀ ਨੇ ਕਿਹਾ, "ਅਸੀਂ ਨਿੱਜੀ ਪੂੰਜੀ ਨੂੰ ਜੁਟਾਉਣ ਅਤੇ ਰੁਜ਼ਗਾਰ ਪੈਦਾ ਕਰਨ 'ਤੇ ਲਗਾਤਾਰ ਦਿੱਤੇ ਜਾ ਰਹੇ ਜ਼ੋਰ ਦਾ ਸਵਾਗਤ ਕਰਦੇ ਹਾਂ। ਊਰਜਾ ਬਾਜ਼ਾਰ ਵਿੱਚ ਵਧਦੇ ਦਬਾਅ, ਵਪਾਰਕ ਵੰਡ, ਜਲਵਾਯੂ ਸੰਬੰਧੀ ਚੁਣੌਤੀਆਂ ਅਤੇ ਤੇਜ਼ੀ ਨਾਲ ਬਦਲਦੀ ਤਕਨਾਲੋਜੀ ਦੇ ਦੌਰ ਵਿੱਚ, ਉਤਪਾਦਕ ਅਤੇ ਬਿਹਤਰ ਤਨਖਾਹ ਵਾਲੀਆਂ ਨੌਕਰੀਆਂ ਹੀ ਗਰੀਬੀ ਘਟਾਉਣ ਅਤੇ ਸਾਂਝੀ ਖੁਸ਼ਹਾਲੀ ਲਿਆਉਣ ਦਾ ਸਭ ਤੋਂ ਪ੍ਰਭਾਵਸ਼ਾਲੀ ਰਸਤਾ ਹਨ।"ਉਨ੍ਹਾਂ ਅਨੁਸਾਰ, ਊਰਜਾ ਅਤੇ ਰੁਜ਼ਗਾਰ ਬਾਜ਼ਾਰਾਂ ਤੱਕ ਪਹੁੰਚ, ਵੱਡੇ ਪੱਧਰ 'ਤੇ ਭੌਤਿਕ ਅਤੇ ਡਿਜੀਟਲ ਜਨਤਕ ਬੁਨਿਆਦੀ ਢਾਂਚਾ, ਵਿੱਤੀ ਸਮਾਵੇਸ਼ (ਸਭ ਲਈ ਵਿੱਤੀ ਸੇਵਾਵਾਂ), ਅਤੇ ਬਾਜ਼ਾਰ ਦੀਆਂ ਤਾਕਤਾਂ ਵਿੱਚ ਨਿਯਮਕ ਭਰੋਸਾ - ਇਹ ਸਭ ਉਤਪਾਦਕਤਾ ਵਧਾਉਣ ਅਤੇ ਵੱਡੇ ਪੱਧਰ 'ਤੇ ਰੁਜ਼ਗਾਰ ਪੈਦਾ ਕਰਨ ਲਈ ਬਹੁਤ ਜ਼ਰੂਰੀ ਹਨ। ਵਿੱਤ ਮੰਤਰੀ ਨੇ ਕਿਹਾ, "ਵਿਕਾਸ ਦੇ ਏਜੰਡੇ ਦੇ ਕੇਂਦਰ ਵਿੱਚ ਨਿੱਜੀ ਖੇਤਰ ਹੋਣਾ ਚਾਹੀਦਾ ਹੈ। ਜ਼ਿਆਦਾਤਰ ਨੌਕਰੀਆਂ ਨਿੱਜੀ ਉੱਦਮਾਂ ਦੁਆਰਾ ਪੈਦਾ ਕੀਤੀਆਂ ਜਾਣਗੀਆਂ ਅਤੇ ਕੀਤੀਆਂ ਜਾਣੀਆਂ ਚਾਹੀਦੀਆਂ ਹਨ; ਇਸ ਵਿੱਚ MSMEs (ਸੂਖਮ, ਛੋਟੇ ਅਤੇ ਦਰਮਿਆਨੇ ਉੱਦਮ) ਅਤੇ ਸਟਾਰਟਅੱਪਸ ਵੱਡੀ ਭੂਮਿਕਾ ਨਿਭਾਉਣਗੇ। ਇਸ ਲਈ, ਨਿੱਜੀ ਨਿਵੇਸ਼ ਨੂੰ ਜੁਟਾਉਣਾ ਬਹੁਤ ਜ਼ਰੂਰੀ ਹੈ। ਨਾਲ ਹੀ, ਸਫਲਤਾ ਨੂੰ ਸਿਰਫ਼ ਜੁਟਾਏ ਗਏ ਵਿੱਤ ਦੀ ਮਾਤਰਾ ਨਾਲ ਨਹੀਂ, ਸਗੋਂ ਨਤੀਜਿਆਂ ਨਾਲ ਮਾਪਿਆ ਜਾਣਾ ਚਾਹੀਦਾ ਹੈ ਜਿਵੇਂ ਕਿ ਕਿੰਨੇ ਰੁਜ਼ਗਾਰ ਪੈਦਾ ਹੋਏ ਅਤੇ ਉਤਪਾਦਕਤਾ ਵਿੱਚ ਕਿੰਨਾ ਵਾਧਾ ਹੋਇਆ।"ਉਨ੍ਹਾਂ ਅੱਗੇ ਕਿਹਾ ਕਿ ਮੁਕਾਬਲੇਬਾਜ਼ੀ ਵਾਲਾ ਵਿੱਤ (ਸਸਤੇ ਅਤੇ ਵਾਜਬ ਦਰਾਂ 'ਤੇ ਪੂੰਜੀ) ਮੁੱਖ ਤਰਜੀਹ ਬਣਿਆ ਰਹਿਣਾ ਚਾਹੀਦਾ ਹੈ। ਵਿੱਤ ਮੰਤਰੀ "ਵਿਕਾਸਸ਼ੀਲ ਦੇਸ਼ਾਂ ਨੂੰ ਏਆਈ ਤੋਂ ਹੋਣ ਵਾਲੀ ਰਾਜ ਸਮਰੱਥਾ ਨੂੰ ਵਧਾਉਣ ਤੋਂ ਬਹੁਤ ਫਾਇਦਾ ਹੋਵੇਗਾ: ਇਹ ਬੈਂਕ ਦੇ ਸੰਚਾਲਨ ਅਤੇ ਗਿਆਨ ਏਜੰਡੇ ਵਿੱਚ ਬਹੁਤ ਜ਼ਿਆਦਾ ਧਿਆਨ ਦੇਣ ਦਾ ਹੱਕਦਾਰ ਹੈ," ਉਸਨੇ ਜ਼ੋਰ ਦਿੱਤਾ।"ਅਸੀਂ ਵਿਸ਼ਵਵਿਆਪੀ ਸ਼ਾਸਨ ਸੂਚਕਾਂ ਅਤੇ ਸਮਾਨ ਸੰਯੁਕਤ ਮੁਲਾਂਕਣਾਂ ਸੰਬੰਧੀ ਆਪਣੀਆਂ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਚਿੰਤਾਵਾਂ ਨੂੰ ਦੁਹਰਾਉਂਦੇ ਹਾਂ। ਉਨ੍ਹਾਂ ਦੇ ਦੂਰਗਾਮੀ ਪ੍ਰਭਾਵਾਂ ਨੂੰ ਦੇਖਦੇ ਹੋਏ, ਮੌਜੂਦਾ ਵਿਧੀਆਂ ਦੀ ਇੱਕ ਵਿਆਪਕ ਸਮੀਖਿਆ ਅਤੇ ਸੋਧ ਦੀ ਜ਼ਰੂਰਤ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਉਹ ਪਾਰਦਰਸ਼ੀ, ਉਦੇਸ਼ਪੂਰਨ, ਸਬੂਤ-ਅਧਾਰਤ, ਅਤੇ ਮੌਜੂਦਾ ਹਕੀਕਤਾਂ ਅਤੇ ਮੈਂਬਰ ਦੇਸ਼ਾਂ ਦੇ ਵਿਭਿੰਨ ਵਿਕਾਸ ਤਜ਼ਰਬਿਆਂ ਨਾਲ ਬਿਹਤਰ ਢੰਗ ਨਾਲ ਜੁੜੇ ਹੋਏ ਹਨ," ਵਿੱਤ ਮੰਤਰੀ ਨੇ ਕਿਹਾ।



ਅੰਤ ਵਿੱਚ, ਵਿਕਾਸ ਨੂੰ ਆਵਾਜ਼ ਅਤੇ ਵਿਕਾਸ ਪ੍ਰਭਾਵ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ।"ਸਫਲਤਾ ਦਾ ਅੰਤਮ ਮਾਪ ਇਹ ਹੈ ਕਿ ਕੀ ਸੁਧਾਰ ਦੇਸ਼ਾਂ ਨੂੰ ਨੌਕਰੀਆਂ ਪੈਦਾ ਕਰਨ, ਉਤਪਾਦਕਤਾ ਵਧਾਉਣ, ਗਰੀਬੀ ਘਟਾਉਣ ਅਤੇ ਜੀਵਨ ਪੱਧਰ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੇ ਹਨ। ਅਸੀਂ ਬੈਂਕ ਦੇ ਸ਼ਾਸਨ ਢਾਂਚੇ ਵਿੱਚ ਵਿਕਾਸਸ਼ੀਲ ਦੇਸ਼ਾਂ ਦੀ ਆਵਾਜ਼ ਅਤੇ ਪ੍ਰਤੀਨਿਧਤਾ ਨੂੰ ਮਜ਼ਬੂਤ ਕਰਨ ਦੇ ਮਹੱਤਵ ਨੂੰ ਵੀ ਦੁਹਰਾਉਂਦੇ ਹਾਂ," ਉਹਨਾਂ ਨੇ ਕਿਹਾ।

ਅਸੀਂ ਆਪਣੇ ਦੇਸ਼ ਵਿੱਚ ਤਿਰੰਗਾ ਨਹੀਂ ਲਹਿਰਾਵਾਂਗੇ ਤਾਂ ਕੀ ਪਾਕਿਸਤਾਨ ਵਿੱਚ ਲਹਿਰਾਵਾਂਗੇ ?- ਕੇਜਰੀਵਾਲ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਜੰਤਰ-ਮੰਤਰ 'ਤੇ ਤਿਰੰਗਾ ਲਹਿਰਾਉਣ ਵਾਲੇ ਜੈਨ-ਜੀ ਨੂੰ ਜੇਲ੍ਹ ਭੇਜਣ 'ਤੇ ਆਮ ਆਦਮੀ ਪਾਰਟੀ ਨੇ ਸ਼ੁੱਕਰਵਾਰ ਨੂੰ ਤਿਰੰਗਾ ਯਾਤਰਾ ਕੱਢ ਕੇ ਮੋਦੀ ਸਰਕਾਰ ਦਾ ਵਿਰੋਧ ਕੀਤਾ। 'ਆਪ' ਦੇ ਦਿੱਲੀ ਪ੍ਰਦੇਸ਼ ਪ੍ਰਧਾਨ ਸੌਰਭ ਭਾਰਦਵਾਜ ਦੀ ਅਗਵਾਈ ਹੇਠ ਵਰਕਰਾਂ ਅਤੇ ਨੇਤਾਵਾਂ ਨੇ ਪਾਰਟੀ ਹੈੱਡਕੁਆਰਟਰ ਤੋਂ ਲੀ ਮੇਰਿਡੀਅਨ ਤੱਕ ਹੱਥਾਂ ਵਿੱਚ ਤਿਰੰਗਾ ਲੈ ਕੇ ਪੈਦਲ ਮਾਰਚ ਕੀਤਾ। ਉੱਧਰ, ਅਭਿਜੀਤ ਦੀਪਕੇ ਦੀ ਗ੍ਰਿਫ਼ਤਾਰੀ 'ਤੇ ਪਾਰਟੀ ਨੇਤਾਵਾਂ ਨੇ ਸਖ਼ਤ ਇਤਰਾਜ਼ ਜਤਾਉਂਦਿਆਂ ਮੋਦੀ ਸਰਕਾਰ 'ਤੇ ਤਿੱਖੇ ਹਮਲੇ ਬੋਲੇ। ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਇਹ ਤਾਂ ਸਰਾਸਰ ਤਾਨਾਸ਼ਾਹੀ ਹੈ। ਕੀ ਤਿਰੰਗਾ ਲਹਿਰਾਉਣਾ ਜੁਰਮ ਹੈ? ਅਭਿਜੀਤ ਦੀਪਕੇ ਦੀ ਗ੍ਰਿਫ਼ਤਾਰੀ ਦਿਖਾਉਂਦੀ ਹੈ ਕਿ ਮੋਦੀ ਜੀ ਇਨ੍ਹਾਂ ਤੋਂ ਕਿੰਨੇ ਡਰਦੇ ਹਨ। ਅਸੀਂ ਆਪਣੇ ਦੇਸ਼ ਵਿੱਚ ਤਿਰੰਗਾ ਨਹੀਂ ਲਹਿਰਾਵਾਂਗੇ ਤਾਂ ਕੀ ਪਾਕਿਸਤਾਨ ਵਿੱਚ ਲਹਿਰਾਵਾਂਗੇ? ਜਿਨ੍ਹਾਂ ਨੂੰ ਭਾਰਤੀ ਤਿਰੰਗੇ ਤੋਂ ਪ੍ਰੇਸ਼ਾਨੀ ਹੈ, ਉਹ ਪਾਕਿਸਤਾਨ ਚਲੇ ਜਾਣ। ਇਸ ਬਾਬਤ 'ਆਪ' ਦੇ ਸੀਨੀਅਰ ਨੇਤਾ ਅਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਕਿਹਾ ਕਿ ਅੱਜ ਦੇਸ਼ ਵਿੱਚ ਤਿਰੰਗਾ ਫਹਿਰਾਉਣਾ ਅਤੇ ਭਾਰਤ ਮਾਤਾ ਦੀ ਜੈ ਬੋਲਣਾ ਅਪਰਾਧ ਹੋ ਗਿਆ ਹੈ।

ਤਿਰੰਗੇ ਅਤੇ ਭਾਰਤ ਮਾਤਾ ਦੀ ਜੈ ਤੋਂ ਨਫ਼ਰਤ ਪਾਕਿਸਤਾਨੀ ਨੂੰ ਹੈ ਅਤੇ ਹਿੰਦੁਸਤਾਨ ਵਿੱਚ ਇਸ ਤੋਂ ਨਫ਼ਰਤ ਮੋਦੀ ਅਤੇ ਭਾਜਪਾ ਨੂੰ ਹੈ। ਇਸ ਤੋਂ ਲੋਕ ਸਮਝ ਸਕਦੇ ਹਨ ਕਿ ਇਨ੍ਹਾਂ ਦੀ ਵਿਚਾਰਧਾਰਾ ਅਤੇ ਸੋਚ ਕੀ ਹੈ। ਇਹ ਨਵਾਜ਼ ਸ਼ਰੀਫ਼ ਨੂੰ ਗਲੇ ਲਾਉਣ ਵਾਲੇ ਅਤੇ ਜਿੰਨਾ ਦੇ ਸਮਰਥਕ ਲੋਕ ਹਨ। ਇਹ ਤਿਰੰਗੇ ਅਤੇ ਭਾਰਤ ਮਾਤਾ ਦੀ ਜੈ ਤੋਂ ਨਫ਼ਰਤ ਕਰਨਗੇ। ਇਸੇ ਲਈ ਇਨ੍ਹਾਂ ਨੇ ਪਹਿਲਾਂ ਆਸ਼ੂਤੋਸ਼ ਰਾਣਕਾ ਅਤੇ ਸੌਰਭ ਦਾਸ ਨੂੰ ਹਿਰਾਸਤ ਵਿੱਚ ਲੈ ਕੇ ਜੇਲ੍ਹ ਭੇਜ ਦਿੱਤਾ ਅਤੇ ਅੱਜ ਅਭਿਜੀਤ ਦੀਪਕੇ ਨੂੰ ਵੀ ਹਿਰਾਸਤ ਵਿੱਚ ਲੈ ਲਿਆ। ਪਰ ਇਸ ਨਾਲ ਇਨ੍ਹਾਂ ਨੂੰ ਕੁਝ ਹਾਸਲ ਹੋਣ ਵਾਲਾ ਨਹੀਂ ਹੈ। ਸੰਜੇ ਸਿੰਘ ਨੇ ਕਿਹਾ ਕਿ ਅੱਜ ਆਮ ਆਦਮੀ ਪਾਰਟੀ ਦੇ ਬਹਾਦਰ ਵਰਕਰਾਂ ਨੇ ਦਿੱਲੀ ਪ੍ਰਦੇਸ਼ ਪ੍ਰਧਾਨ ਸੌਰਭ ਭਾਰਦਵਾਜ ਦੀ ਅਗਵਾਈ ਹੇਠ ਰਾਸ਼ਟਰਪਤੀ ਭਵਨ ਅਤੇ ਸੰਸਦ ਭਵਨ ਦੇ ਆਸ-ਪਾਸ ਸਫ਼ਲਤਾਪੂਰਵਕ ਤਿਰੰਗਾ ਯਾਤਰਾ ਕੱਢੀ ਅਤੇ ਸ਼ਾਮ ਨੂੰ ਇਕੱਠੇ ਹੋ ਕੇ ਇੱਥੇ ਵੀ ਤਿਰੰਗਾ ਯਾਤਰਾ ਕੱਢੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ



Sikandar Singh Grewal &
Charanjit Kaur Grewal
(Tracy)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ
ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ
ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ

RUPINDER KAUR

ATTORNEY AT LAW

AMERICAN LAW GROUP P. C.

AREAS OF PRACTICE:

FAMILY LAW: Divorce, Child Custody & Visitation, Child Support, Spousal Support, Property Distribution and Domestic Violence Restraining Orders.

CRIMINAL LAW: Assault, Battery, Domestic Violence, Theft, Traffic Citations, DUI Cases and Expungements

IMMIGRATION: Citizenship, Family Based, Adoption

PERSONAL INJURY: Auto Accidents

ESTATE PLANNING: Wills, Trusts, Powers of Attorney

LANDLORD / TENANTS: Unlawful Detainer Actions

39899 BALENTINE DRIVE,
SUITE # 200
NEWARK, CA 94560
(510) 298-1935

500 CAPITOL MALL,
SUITE # 2350
SACRMENTO, CA 95814
(916) 692-0007



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ
ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ
ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ



Kirpal Singh Atwal

ਰੂਸ ਦੇ ਕਾਮਚਟਕਾ 'ਚ ਆਇਆ ਜ਼ਬਰਦਸਤ ਭੂਚਾਲ

ਕਾਮਚਟਕਾ
ਸਾਂਝੀ ਸੋਚ ਬਿਊਰੋ



ਰੂਸ ਦੇ ਕਾਮਚਟਕਾ ਪ੍ਰਾਇਦੀਪ ਵਿੱਚ ਸ਼ੁੱਕਰਵਾਰ ਨੂੰ 7 ਤੀਬਰਤਾ ਦਾ ਭੂਚਾਲ ਆਇਆ। ਯੂਰਪੀਅਨ-ਮੈਡੀਟੇਰੇਨੀਅਨ ਸੀਸਮੋਲੋਜੀਕਲ ਸੈਂਟਰ ਮੁਤਾਬਕ, ਭੂਚਾਲ ਸਥਾਨਕ ਸਮੇਂ ਅਨੁਸਾਰ ਦੁਪਹਿਰ 3:35 ਵਜੇ ਦਰਜ ਕੀਤਾ ਗਿਆ। ਇਸ ਦਾ ਕੇਂਦਰ ਧਰਤੀ ਤੋਂ ਕਰੀਬ 152 ਕਿਲੋਮੀਟਰ ਦੀ ਡੂੰਘਾਈ 'ਤੇ ਸੀ। ਪਿਛਲੇ ਸਾਲ ਇਸੇ ਇਲਾਕੇ 'ਚ 8.8 ਤੀਬਰਤਾ ਦਾ ਭੂਚਾਲ ਆਇਆ ਸੀ।

ਅਮਰੀਕੀ ਸੁਨਾਮੀ ਚੇਤਾਵਨੀ ਕੇਂਦਰ ਨੇ ਸਪੱਸ਼ਟ ਕੀਤਾ ਕਿ ਭੂਚਾਲ ਤੋਂ ਬਾਅਦ ਸੁਨਾਮੀ ਦਾ ਕੋਈ ਖ਼ਤਰਾ ਨਹੀਂ ਹੈ। ਕਾਮਚਟਕਾ ਪ੍ਰਾਇਦੀਪ ਪ੍ਰਸ਼ਾਂਤ ਮਹਾਸਾਗਰ ਦੇ ਆਲੇ-ਦੁਆਲੇ ਫੈਲੀ ਭੂਚਾਲੀ ਪੱਟੀ 'ਰਿੰਗ ਆਫ਼ ਫਾਇਰ' ਵਿੱਚ ਸਥਿਤ ਹੈ। ਇਹ ਖੇਤਰ ਟੈਕਟੋਨਿਕ ਪਲੇਟਾਂ ਦੀਆਂ ਗਤੀਵਿਧੀਆਂ ਕਾਰਨ ਭੂਚਾਲਾਂ ਲਈ ਸੰਵੇਦਨਸ਼ੀਲ ਮੰਨਿਆ ਜਾਂਦਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਜੁਲਾਈ ਵਿੱਚ ਵੀ ਇਸ ਖੇਤਰ ਦੇ ਤੱਟ ਨੇੜੇ 8.8 ਤੀਬਰਤਾ ਦਾ ਸ਼ਕਤੀਸ਼ਾਲੀ ਭੂਚਾਲ ਆਇਆ ਸੀ। ਇਸ ਤੋਂ ਬਾਅਦ ਉੱਠੀਆਂ ਸੁਨਾਮੀ ਦੀਆਂ ਲਹਿਰਾਂ ਨੇ ਇੱਕ ਤੱਟਵਰਤੀ ਪਿੰਡ ਦੇ ਹਿੱਸੇ ਨੂੰ ਸਮੁੰਦਰ ਵਿੱਚ ਵਹਾਅ ਲਿਆ ਸੀ।

ਚੰਡੀਗੜ੍ਹ ਦੀ ਸੁਖਨਾ ਝੀਲ ਬਣੀ ਰਾਮਸਰ ਸਾਈਟ ਭਾਰਤ ਵਿੱਚ ਰਾਮਸਰ ਸਾਈਟਾਂ ਦੀ ਗਿਣਤੀ ਹੋਈ 103



ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਚੰਡੀਗੜ੍ਹ ਦੀ ਮਸ਼ਹੂਰ ਸੁਖਨਾ ਝੀਲ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਰਾਮਸਰ ਸਾਈਟ ਐਲਾਨ ਦਿੱਤਾ ਗਿਆ ਹੈ। ਹੁਣ ਸੁਖਨਾ ਝੀਲ ਦੀ ਸੰਭਾਲ ਲਈ ਅੰਤਰਰਾਸ਼ਟਰੀ ਪੱਧਰ 'ਤੇ ਧਿਆਨ ਦਿੱਤਾ ਜਾਵੇਗਾ ਅਤੇ ਵਿਸ਼ਵ ਵਿਗਿਆਨਕ ਨਿਗਰਾਨੀ ਹੇਠ ਇਸ ਦਾ ਵਿਕਾਸ ਕੀਤਾ ਜਾਵੇਗਾ। ਕੇਂਦਰੀ ਵਾਤਾਵਰਣ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਮੰਤਰੀ ਭੂਪੇਂਦਰ ਯਾਦਵ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਇਸ ਦਾ ਰਸਮੀ ਐਲਾਨ ਕੀਤਾ ਹੈ। ਭੂਪੇਂਦਰ ਯਾਦਵ ਨੇ ਦੇਸ਼ ਵਿੱਚ ਵੈਟਲੈਂਡਜ਼ ਦੀ ਸੰਭਾਲ ਬਾਰੇ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਨੇ ਚੰਡੀਗੜ੍ਹ ਦੀ ਸੁਖਨਾ ਝੀਲ ਦੇ ਨਾਲ-ਨਾਲ ਉੱਤਰ ਪ੍ਰਦੇਸ਼ ਦੀ ਸੌਂਜ ਝੀਲ ਨੂੰ ਵੀ ਰਾਮਸਰ ਸਾਈਟਾਂ ਦੀ ਸੂਚੀ ਵਿੱਚ ਸ਼ਾਮਲ ਕੀਤੇ ਜਾਣ ਦੀ ਵਧਾਈ ਦਿੱਤੀ।

ਰਾਜਬੀਰ ਘੁੰਮਣ ਸੀਬੀਆਈ ਅੱਗੇ ਹੋਏ ਪੇਸ਼

ਚੰਡੀਗੜ੍ਹ
ਸਾਂਝੀ ਸੋਚ ਬਿਊਰੋ



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐਸ.ਡੀ ਰਾਜਬੀਰ ਘੁੰਮਣ ਸ਼ੁੱਕਰਵਾਰ ਨੂੰ ਚੰਡੀਗੜ੍ਹ ਸਥਿਤ ਸੀ.ਬੀ.ਆਈ. ਦਫ਼ਤਰ ਵਿਖੇ ਪੇਸ਼ ਹੋਏ, ਇਹ ਕਥਿਤ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਉਨ੍ਹਾਂ ਦੀ ਪਹਿਲੀ ਪੇਸ਼ੀ ਸੀ। ਪੇਸ਼ੀ ਦੌਰਾਨ ਉਨ੍ਹਾਂ ਦੇ ਨਾਲ ਉਨ੍ਹਾਂ ਦੇ ਵਕੀਲ ਜੀ.ਪੀ.ਐਸ. ਘੁੰਮਣ ਵੀ ਮੌਜੂਦ ਸਨ। ਵਕੀਲ ਨੇ ਦੱਸਿਆ ਕਿ ਰਾਜਬੀਰ ਘੁੰਮਣ ਨੂੰ ਸੀ.ਬੀ.ਆਈ. ਵੱਲੋਂ ਸ਼ੁੱਕਰਵਾਰ ਨੂੰ ਪੇਸ਼ ਹੋਣ ਲਈ ਨੋਟਿਸ ਮਿਲਿਆ ਸੀ, ਜਿਸ ਦੀ ਪਾਲਣਾ ਕਰਦਿਆਂ ਉਹ ਉੱਥੇ ਪਹੁੰਚੇ ਹਨ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ, 12 ਅਕਤੂਬਰ ਨੂੰ ਸੁਪਰੀਮ ਕੋਰਟ ਨੇ ਰਾਜਬੀਰ ਘੁੰਮਣ ਦੀ ਗ੍ਰਿਫ਼ਤਾਰੀ ਅਤੇ ਉਨ੍ਹਾਂ ਵਿਰੁੱਧ ਕਿਸੇ ਵੀ ਸਖ਼ਤ ਕਾਰਵਾਈ 'ਤੇ ਰੋਕ ਲਗਾ ਦਿੱਤੀ ਸੀ। ਅਦਾਲਤ ਨੇ ਉਨ੍ਹਾਂ ਨੂੰ ਜਾਂਚ ਵਿੱਚ ਪੂਰਾ ਸਹਿਯੋਗ ਦੇਣ ਦੇ ਨਿਰਦੇਸ਼ ਵੀ ਦਿੱਤੇ ਸਨ।

ਏਆਈਐਸਏ ਦੀ ਰਾਸ਼ਟਰੀ ਪ੍ਰਧਾਨ ਨੇਹਾ ਬੋਰਾ ਰਿਹਾਅ, ਅਭਿਜੀਤ ਦੀਪਕੇ ਗ੍ਰਿਫ਼ਤਾਰ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ



ਦਿੱਲੀ ਪੁਲਿਸ ਨੇ ਸ਼ਨੀਵਾਰ ਸਵੇਰੇ 6 ਵਜੇ ਏਆਈਐਸਏ ਦੀ ਰਾਸ਼ਟਰੀ ਪ੍ਰਧਾਨ ਨੇਹਾ ਬੋਰਾ ਨੂੰ ਰਿਹਾਅ ਕਰ ਦਿੱਤਾ। ਪੁਲਿਸ ਨੇ ਉਸਨੂੰ 12 ਘੰਟਿਆਂ ਲਈ ਹਿਰਾਸਤ ਵਿੱਚ ਰੱਖਿਆ। ਇਸ ਦੌਰਾਨ, ਕਾਕਰੋਚ ਜਨਤਾ ਪਾਰਟੀ ਦੇ ਸੰਸਥਾਪਕ ਅਭਿਜੀਤ ਦੀਪਕੇ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਦੀਪਕੇ ਵਿਰੁੱਧ ਬੀਐਨਐਸਐਸ ਦੀ ਧਾਰਾ 126/170 ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਉਸਨੂੰ ਵਿਸ਼ੇਸ਼ ਕਾਰਜਕਾਰੀ ਮੈਜਿਸਟ੍ਰੇਟ (ਐਸਈਐਮ) ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਦਿੱਲੀ ਪੁਲਿਸ ਨੇ 16 ਅਕਤੂਬਰ ਦੀ ਸ਼ਾਮ ਨੂੰ ਤਿਰੰਗਾ ਮਾਰਚ ਦੌਰਾਨ ਰੋਕਥਾਮ ਉਪਾਵਾਂ ਤਹਿਤ ਨੇਹਾ ਬੋਰਾ ਅਤੇ ਕਾਰਕੁਨ ਅਭਿਜੀਤ ਦੀਪਕੇ ਨੂੰ ਹਿਰਾਸਤ ਵਿੱਚ ਲਿਆ ਸੀ। ਅਭਿਜੀਤ ਦੀਪਕੇ ਦੇ ਸਥਾਨ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ। ਇਹ ਪਿਛਲੇ ਛੇ ਦਿਨਾਂ ਵਿੱਚ ਦੂਜੀ ਵਾਰ ਹੈ ਜਦੋਂ ਦੀਪਕੇ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਇਸ ਤੋਂ ਪਹਿਲਾਂ, ਦੀਪਕ ਨੂੰ 10 ਅਕਤੂਬਰ ਨੂੰ ਜੰਤਰ-ਮੰਤਰ ਦੇ ਵਿਰੋਧ ਪ੍ਰਦਰਸ਼ਨ ਤੋਂ ਪਹਿਲਾਂ ਇੱਕ ਜਹਾਜ਼ ਤੋਂ ਹਿਰਾਸਤ ਵਿੱਚ ਲਿਆ ਗਿਆ ਸੀ, ਅਤੇ ਅਗਲੇ ਦਿਨ ਰਿਹਾਅ ਕਰ ਦਿੱਤਾ ਗਿਆ ਸੀ।

ਰੱਬਾ ਇੰਨ੍ਹੇ ਜੋਗਾ ਕਰਦੇ ਕਿ ਲੋਕ ਕਹਿਣ ਇੰਨ੍ਹੇ ਜੋਗਾ ਕਿੱਥੇ ਸੀ...



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ
ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ
ਸਹਿਯੋਗ ਨਾਲ ਹੋਣ ਜਾ ਰਿਹਾ ਹੈ |



ਲੱਖ-ਲੱਖ ਵਧਾਈਆਂ

Sarabjit Singh Thiara (Shabba)

President of Gurdwara Sahib
Tierra Buena Yuba City

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ |

JRP REALTY GROUP
A TRADITION OF REAL ESTATE EXCELLENCE



5246 Pirrone Ct Salida, CA 95368
www.jrprealtygrp.com
ranjeets.realtor@gmail.com

C: (209) 579-4014
O: (209) 846-2220
F: 209.899.4929

SCAN ME

RANJEET SINGH
REALTOR®
DRE# 02204330

ਗੁਰਦਿੱਤ ਸਿੰਘ ਵਿਧਾਇਕ ਫ਼ਰੀਦਕੋਟ ਅਮਰੀਕਾ ਫੇਰੀ 'ਤੇ

ਕੈਲੀਫੋਰਨੀਆ
ਸਾਂਝੀ ਸੋਚ ਬਿਊਰੋ

ਗੁਰਦਿੱਤ ਸਿੰਘ ਜੋਕਿ ਅੱਜਕਲ੍ਹ ਅਮਰੀਕਾ ਦੀ ਫੇਰੀ 'ਤੇ ਨੇ, ਉਹ ਜਿੱਥੇ ਆਪਣੇ ਦੋਸਤਾਂ-ਰਿਸ਼ਤੇਦਾਰਾਂ ਨੂੰ ਮਿਲੇ ਉੱਥੇ ਉਨਾ ਉੱਘੇ ਖੇਤੀ ਮਾਹਰਾਂ ਵਿਗਿਆਨਿਕਾਂ ਨਾਲ ਵੀ ਮਿਲਣੀ ਕੀਤੀ ਤੇ ਵਿਚਾਰ ਕੀਤੇ ਜੋ ਕਿ ਪੰਜਾਬ ਦੇ ਕਿਸਾਨਾਂ ਲਈ ਲਾਹੇਵੰਦ ਹੋ ਸਕੇ। ਉੱਨਾਂ ਗੁਲਿੰਦਰ ਸਿੰਘ ਗਿੱਲ ਦੇ ਘਰ ਡਾਕਟਰ ਪਰਮਜੀਤ ਸਿੰਘ ਰੰਧਾਵਾ (ਪ੍ਰਸਿੱਧ ਦੁਨੀਆ ਦੀ ਬੀਜ ਲੈਬ ਤੇ ਬਹੁਤ ਨਵੀਆਂ ਕਿਸਮਾਂ ਪੈਦਾ ਕਰਨ ਵਾਲੀ ਕੈਲੇਫੋਰਨੀਆ ਸੀਡ ਲੈਬ ਤੇ ਬੂਟੇ ਪੈਦਾ ਕਰਨ ਵਾਲੀ ਕੰਪਨੀਆਂ ਦੇ ਮਾਲਕ ਹਨ ਜੋ ਕਿ ਰੋਜਵਿਲ ਸਿਟੀ ਕੋਲ 100 ਵਿੱਚ ਫੈਲੀ ਹੋਈ ਹੈ। ਡਾਕਟਰ ਲਖਵਿੰਦਰ ਸਿੰਘ ਰੰਧਾਵਾ ਜੋ ਕਿ ਪੰਜਾਬ ਚ ਕਪਾਹ ਵਾਲੇ ਰੰਧਾਵਾ ਦੇ ਨਾਂ ਨਾਲ ਜਾਂਦੇ ਹਨ ਜਿਨਾ ਦਾਂ ਅਮਰੀਕਾ ਚ ਤੇ ਦੂਜੇ ਮੁਲਕਾਂ ਚ 30 ਸਾਲ ਕੰਮ ਕਰਨ ਤੇ ਅਣਗਿਣਤ ਨਵੀਆਂ ਸਬਜ਼ੀਆਂ ਤੇ ਫਲ ਪੈਦਾ ਕਰਨ ਦਾ ਤਜਰਬਾ ਹੈ ਨਾਲ ਮੀਟਿੰਗ ਕੀਤੀ ਤੇ ਪੰਜਾਬ ਵਿੱਚ ਨਵੀਆਂ ਫਸਲਾਂ ਤੇ ਐਵੋਕਾਡੋ ਦੀ ਖੇਤੀ ਵਾਰੇ ਕੀ ਕੀਤੀ ਜਾਵੇ ਵਾਰੇ ਖੁੱਲ ਕਿ ਵਿਚਾਰ ਕਰੇ।

ਜੋ ਕਿ ਪੰਜਾਬ ਸਰਕਾਰ ਨਾਲ ਮਿਲ ਕੇ ਕੰਮ ਕਰਿਆ ਜਾ ਸਕੇ। ਨਾਲ ਹੀ ਇੱਕ ਸਫਲ ਕਿਸਾਨ ਤੇ ਫਾਰਮ ਨਵਤੇਜ ਸਿੰਘ ਰਿਆੜ ਦੇ ਫਾਰਮ ਤੇ ਇੱਕ ਕਮਿਉਨਿਟੀ ਫਾਰਮ ਵੇਖਿਆ ਜਿਸ ਵਿੱਸ ਰਿਟਾਇਰਡ ਹੋ ਗਏ ਲੋਕ ਆਪਣਾਂ ਛੋਟਾ ਬਗੀਚਾ ਲਾ ਸਕਦੇ ਹਨ। ਜਿਸ ਨਾਲ ਸਾਰੇ ਮਿਲਦੇ ਵੀ ਰਹਿੰਦੇ ਨੇ ਤੇ ਸਬਜ਼ੀਆਂ ਤੇ ਨਵੇਂ ਬੂਟੇ ਤਿਆਰ ਵੀ ਕਰਦੇ ਨੇ ਡਾਕਟਰ ਰੰਧਾਵਾ ਦੇ ਨਾਲ ਮਿਲਕੇ।

ਨਾਲ ਹੀ ਰਿਆੜ ਸਹਿਬ ਦਾ 28 ਏਕੜ ਦਾ ਇੱਕ ਸਫ਼ਲ ਫਾਰਮ ਹੈ। ਜਿਸ ਵਿੱਚ ਹਰ ਕਿਸਮ ਦੀ ਸਬਜ਼ੀ ਲਗਾਈ ਹੁੰਦੀ ਹੈ। ਲੱਗ ਭਗ 50-60 ਕਿਸਮਾਂ ਦੀਆਂ ਸਬਜ਼ੀਆਂ ਲਗਾਉਂਦੇ ਹਨ। ਤੇ ਸਾਰੇ ਲੋਕਲ ਸਟੋਰਾਂ ਤੇ ਰਿਸਟੋਰੈਟਾਂ ਨੂੰ ਤਾਜ਼ੀ ਸਪਲਾਈ ਕਰਦੇ ਹਨ ਤੇ ਚੋਖੀ ਕਮਾਈ ਕਰਦੇ ਹਨ, ਇਸ ਤਰਾਂ ਪੰਜਾਬ ਚ ਮਾਡਲ ਦੇ ਕੇ 1-2-3 ਏਕੜ ਵਾਲਾ ਪਰਵਾਰ ਵੀ ਚੋਖੀ ਕਮਾਈ ਕਰ ਸਕਦਾ ਹੈ ਤੇ ਆਪਣੇ ਪਰਵਾਰ ਨੂੰ ਕੰਮ ਦੇ ਸਕਦਾ ਹੈ। ਸਰਦਾਰ ਗੁਰਦਿੱਤ ਸਿੰਘ ਸੇਖੋਂ ਐਨਬੀਐਸਪੀ ਬਹੁਤ ਪ੍ਰਭਾਵਿਤ ਹੋਏ ਤੇ ਕਿਹਾ ਜਾ ਕੇ ਭਗਵੰਤ ਸਿੰਘ ਮਾਨ ਨਾਲ ਗੱਲ ਕਰਕੇ ਚੰਡੀਗੜ੍ਹ ਚ ਪ੍ਰੋਗਰਾਮ ਕਰਕੇ ਅੱਗੇ ਪੰਜਾਬ ਦਾ ਭਵਿੱਖ ਬਦਲਣ ਲਈ ਸੈਮੀਨਾਰ ਕਰਾਉਣਗੇ ਤੇ ਇੰਨਾਂ ਸਭ ਦਾਂ ਤਜਰਬਾ ਲੋਕਾਂ ਤੱਕ ਪਹੁੰਚਾਉਣਗੇ।


















ਅਮਿਤ ਸ਼ਾਹ ਨੇ ਪੰਜਾਬ ਦੇ ਹਾਲਾਤਾਂ 'ਤੇ ਸਹੀ ਸਵਾਲ ਚੁੱਕੇ, ਭਗਵੰਤ ਮਾਨ ਆਪਣੀ ਜ਼ਿੰਮੇਵਾਰੀ ਤੋਂ ਭੱਜਣ ਦੀ ਬਜਾਏ ਜਵਾਬ ਦੇਣ: ਪ੍ਰੋ. ਸਰਚਾਂਦ ਸਿੰਘ ਖਿਆਲਾ

ਅੰਮ੍ਰਿਤਸਰ
ਸਾਂਝੀ ਸੋਚ ਬਿਊਰੋ

ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਪੰਜਾਬ ਵਿੱਚ ਨਸ਼ਿਆਂ, ਗੈਂਗਸਟਰਵਾਦ ਅਤੇ ਵਿਗੜ ਰਹੀ ਕਾਨੂੰਨ-ਵਿਵਸਥਾ ਬਾਰੇ ਪ੍ਰਗਟਾਈ ਚਿੰਤਾ ਨੂੰ ਜਾਇਜ਼ ਕਰਾਰ ਦਿੰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਨਸੀਹਤ ਦਿੱਤੀ ਕਿ ਉਹ ਦੂਜਿਆਂ 'ਤੇ ਉਂਗਲ ਚੁੱਕਣ ਦੀ ਬਜਾਏ ਆਪਣੀ ਸਰਕਾਰ ਦੀ ਕਾਰਗੁਜ਼ਾਰੀ ਦਾ ਜਵਾਬ ਦੇਣ।

ਪ੍ਰੋ. ਖਿਆਲਾ ਨੇ ਕਿਹਾ ਕਿ ਮੁੱਖ ਮੰਤਰੀ ਨੂੰ ਕੇਂਦਰੀ ਗ੍ਰਹਿ ਮੰਤਰੀ ਦੇ ਬਿਆਨ 'ਤੇ ਨਿੱਜੀ ਟਿੱਪਣੀਆਂ ਕਰਨ ਅਤੇ ਕਾਪੀ-ਪੇਸਟ ਦੇ ਦੋਸ਼ ਲਾਉਣ ਦੀ ਬਜਾਏ ਪੰਜਾਬ ਦੇ ਲੋਕਾਂ ਨੂੰ ਦੱਸਣਾ ਚਾਹੀਦਾ ਹੈ ਕਿ ਨਸ਼ਿਆਂ ਦੇ ਕਾਰੋਬਾਰ ਅਤੇ ਗੈਂਗਸਟਰਵਾਦ ਨੂੰ ਖ਼ਤਮ ਕਰਨ ਲਈ ਉਨ੍ਹਾਂ ਦੀ ਸਰਕਾਰ ਨੇ ਅਸਲ ਵਿੱਚ ਕੀ ਨਤੀਜੇ ਹਾਸਲ ਕੀਤੇ ਹਨ। ਪੰਜਾਬ ਨੂੰ ਟਵੀਟਾਂ ਦੀ ਜੰਗ ਨਹੀਂ, ਨਸ਼ਾ ਤਸਕਰਾਂ ਵਿਰੁੱਧ ਨਿਰਣਾਇਕ ਕਾਰਵਾਈ, ਅਪਰਾਧੀਆਂ ਦੀ ਸਿਆਸੀ ਸਰਪ੍ਰਸਤੀ ਦਾ ਅੰਤ ਅਤੇ ਲੋਕਾਂ ਦੀ ਸੁਰੱਖਿਆ ਦੀ ਗਾਰੰਟੀ ਚਾਹੀਦੀ ਹੈ।

ਉਨਾਂ ਕਿਹਾ ਕਿ ਪੰਜਾਬ ਨੂੰ ਨਸ਼ਿਆਂ ਅਤੇ ਗੈਂਗਸਟਰਾਂ ਦੇ ਹਵਾਲੇ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਹੁਣ ਆਪਣੀਆਂ ਨਾਕਾਮੀਆਂ ਦਾ ਠੀਕਰਾ ਕੇਂਦਰ 'ਤੇ ਭੰਨ ਕੇ ਲੋਕਾਂ ਨੂੰ ਗੁਮਰਾਹ ਨਹੀਂ ਕਰ ਸਕਦੇ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੰਜਾਬ ਦੀ ਵਿਗੜਦੀ ਕਾਨੂੰਨ-ਵਿਵਸਥਾ ਅਤੇ ਨਸ਼ਿਆਂ ਦੇ ਕਹਿਰ 'ਤੇ ਬਿਲਕੁਲ ਸਹੀ ਸਵਾਲ ਚੁੱਕੇ ਹਨ, ਪਰ ਮੁੱਖ ਮੰਤਰੀ ਜਵਾਬ ਦੇਣ ਦੀ ਬਜਾਏ ਤਿੱਖੀਆਂ ਟਿੱਪਣੀਆਂ ਕਰਕੇ ਆਪਣੀ ਸਰਕਾਰ ਦੀ ਜਵਾਬਦੇਹੀ ਤੋਂ ਬਚਣ ਦੀ ਕੋਸ਼ਿਸ਼ ਕਰ ਰਹੇ ਹਨ। ਪੰਜਾਬ ਵਿੱਚ ਨਸ਼ਾ ਤਸਕਰੀ, ਗੈਂਗਸਟਰਵਾਦ ਅਤੇ ਅਪਰਾਧੀਆਂ ਦੇ ਵਧਦੇ ਹੌਸਲੇ 'ਆਪ' ਸਰਕਾਰ ਦੀ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਹਨ। ਮੁੱਖ ਮੰਤਰੀ ਨੂੰ ਬਿਆਨਬਾਜ਼ੀ ਨਹੀਂ, ਸਗੋਂ ਜਵਾਬਦੇਹੀ ਤੈਅ ਕਰਕੇ ਜ਼ਮੀਨੀ ਪੱਧਰ 'ਤੇ ਨਤੀਜੇ ਦੇਣੇ ਚਾਹੀਦੇ ਹਨ।

ਉਨ੍ਹਾਂ ਕਿਹਾ ਕਿ ਬੀਐੱਸਐੱਫ ਦੇ 50 ਕਿਲੋਮੀਟਰ ਦੇ ਅਧਿਕਾਰ ਖੇਤਰ ਦੀ ਦਲੀਲ ਦੇ ਕੇ ਪੰਜਾਬ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਹੋ ਸਕਦੀ। ਪੰਜਾਬ ਸਰਕਾਰ ਦਾ ਐਂਟੀ-ਡਰੋਨ ਸਿਸਟਮ 'ਬਾਜ ਅੱਖ' ਅਤੇ ਪੁਲਿਸ ਤੰਤਰ ਵੀ ਸਰਹੱਦੀ ਖੇਤਰ ਵਿੱਚ ਸਰਗਰਮ ਹਨ। ਅਜਿਹੇ ਵਿੱਚ ਜੇ ਬੀਐੱਸਐੱਫ ਵੱਲੋਂ 15 ਕਿਲੋ ਹੈਰੋਇਨ ਸਮੇਤ 'ਬਾਜ ਅੱਖ' 'ਚ ਤਾਇਨਾਤ ਪੰਜਾਬ ਪੁਲਿਸ ਦੇ ਇੱਕ ਮੁਲਾਜ਼ਮ ਨੂੰ ਕਾਬੂ ਕੀਤਾ ਗਿਆ ਹੈ, ਤਾਂ ਇਹ ਗੰਭੀਰ ਜਾਂਚ ਦਾ ਵਿਸ਼ਾ ਹੈ ਕਿ ਨਸ਼ਾ ਤਸਕਰੀ ਦੇ ਨੈੱਟਵਰਕ ਵਿੱਚ ਕੌਣ-ਕੌਣ ਸ਼ਾਮਲ ਹੈ ਅਤੇ ਸਰਕਾਰੀ ਤੰਤਰ ਦੀ ਭੂਮਿਕਾ ਕੀ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ ਗੁਜਰਾਤ ਦੇ ਕਾਂਡਲਾ ਬੰਦਰਗਾਹ ਤੋਂ ਵੱਡੀ ਮਾਤਰਾ ਵਿੱਚ ਨਸ਼ਿਆਂ ਦੀ ਬਰਾਮਦਗੀ ਦਾ ਹਵਾਲਾ ਦੇਕੇ ਭਗਵੰਤ ਮਾਨ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਤੋਂ ਆਪਣੀ ਸਰਕਾਰ ਦੀ ਜਵਾਬਦੇਹੀ ਖ਼ਤਮ ਨਹੀਂ ਕਰ ਸਕਦੇ। ਪੰਜਾਬ 'ਚ ਫੜੇ ਗਏ ਨਸ਼ੇ ਲਈ ਆਪਣੀ ਪਿਠ ਠਪ ਠਪਾਉਦਾ ਹੈ ਤੇ ਦੂਜੇ ਰਾਜਾਂ 'ਚ ਫੜੇ ਜਾਣ 'ਤੇ ਉਸੇ ਰਾਜ ਸਰਕਾਰ 'ਤੇ ਉਠਗਲ ਉਣਾ ਉਣਾ ਦੋਹਰੀ ਮਾਨਸਿਕਤਾ ਦਾ ਸਬੂਤ ਹੈ। ਪਰ ਪੰਜਾਬ ਵਿੱਚ ਨਸ਼ਿਆਂ ਦੀ ਸਪਲਾਈ, ਨੌਜਵਾਨਾਂ ਦੀ ਬਰਬਾਦੀ ਅਤੇ ਨਸ਼ਾ ਵਿਰੋਧੀ ਆਵਾਜ਼ਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਤੋਂ ਸੂਬਾ ਸਰਕਾਰ ਭੱਜ ਨਹੀਂ ਸਕਦੀ। ਉਨ੍ਹਾਂ ਕਿਹਾ ਕਿ ਦਿੜ੍ਹਬਾ ਦੀ ਘਟਨਾ ਅਤੇ ਪਰਵਿੰਦਰ ਸਿੰਘ ਝੋਟਾ ਦੇ ਕਤਲ ਨੇ ਪੰਜਾਬ ਦੀ ਕਾਨੂੰਨ-ਵਿਵਸਥਾ 'ਤੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ। ਇਨ੍ਹਾਂ ਮਾਮਲਿਆਂ ਵਿੱਚ ਲੱਗੇ ਦੋਸ਼ਾਂ ਦੀ ਸੀਬੀਆਈ ਤੋਂ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ ਅਤੇ ਜੇਕਰ ਕਿਸੇ ਵੀ ਸਿਆਸੀ ਆਗੂ ਜਾਂ ਸਰਕਾਰੀ ਅਧਿਕਾਰੀ ਦੀ ਸਰਪ੍ਰਸਤੀ ਸਾਹਮਣੇ ਆਉਂਦੀ ਹੈ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਹੋਵੇ।



ਉਹਨਾਂ ਦੁਹਰਾਇਆ ਕਿ ਅਮਿਤ ਸ਼ਾਹ ਨੇ ਪੰਜਾਬ ਦੀ ਵਿਗੜਦੀ ਕਾਨੂੰਨ-ਵਿਵਸਥਾ ਅਤੇ ਨਸ਼ਿਆਂ ਦੇ ਕਹਿਰ 'ਤੇ ਸਹੀ ਸਵਾਲ ਚੁੱਕੇ ਹਨ, ਪਰ ਮੁੱਖ ਮੰਤਰੀ ਭਗਵੰਤ ਮਾਨ ਜਵਾਬ ਦੇਣ ਦੀ ਬਜਾਏ ਦੂਸ਼ਣਬਾਜ਼ੀ ਕਰਕੇ ਆਪਣੀ ਨਾਕਾਮੀ ਤੋਂ ਧਿਆਨ ਭਟਕਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਪੰਜਾਬ ਵਿੱਚ ਨਸ਼ਾ ਤਸਕਰੀ, ਗੈਂਗਸਟਰਵਾਦ ਅਤੇ ਅਪਰਾਧੀਆਂ ਦੇ ਵਧਦੇ ਹੌਸਲੇ ਸੂਬਾ ਸਰਕਾਰ ਦੀ ਕਾਰਗੁਜ਼ਾਰੀ 'ਤੇ ਗੰਭੀਰ ਸਵਾਲ ਹਨ। ਮੁੱਖ ਮੰਤਰੀ ਨੂੰ ਬਿਆਨਬਾਜ਼ੀ ਨਹੀਂ, ਜਵਾਬਦੇਹੀ ਤੈਅ ਕਰਨੀ ਚਾਹੀਦੀ ਹੈ।

ਕ੍ਰਿਸ਼ੀ ਵਿਗਿਆਨ ਕੇਂਦਰ ਉਝਾ (ਪਾਣੀਪਤ) ਵਿਖੇ ਮਹਿਲਾ ਕਿਸਾਨਾਂ ਨੂੰ ਵਿਗਿਆਨਕ ਖੇਤੀਬਾੜੀ ਅਤੇ ਆਧੁਨਿਕ ਪਸ਼ੂ ਪਾਲਣ ਤਕਨੀਕਾਂ ਅਪਣਾਉਣ ਦਾ ਸੱਦਾ

ਪਾਣੀਪਤ
ਨਿਰਮਲ ਸਿੰਘ ਵਿਰਕ

ਚੌਧਰੀ ਚਰਨ ਸਿੰਘ ਹਰਿਆਣਾ ਖੇਤੀਬਾੜੀ ਯੂਨੀਵਰਸਿਟੀ, ਹਿਸਾਰ ਦੇ ਖੇਤੀਬਾੜੀ ਵਿਗਿਆਨ ਕੇਂਦਰ, ਉਝਾ, ਪਾਣੀਪਤ ਵੱਲੋਂ ਮਹਿਲਾ ਕਿਸਾਨ ਦਿਵਸ ਮੌਕੇ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ। ਪ੍ਰੋਗਰਾਮ ਦਾ ਮੁੱਖ ਉਦੇਸ਼ ਖੇਤੀਬਾੜੀ ਅਤੇ ਇਸ ਨਾਲ ਸਬੰਧਤ ਗਤੀਵਿਧੀਆਂ ਵਿੱਚ ਸਿੱਧੇ ਅਤੇ ਅਸਿੱਧੇ ਤੌਰ 'ਤੇ ਯੋਗਦਾਨ ਪਾਉਣ ਵਾਲੀਆਂ ਪੇਂਡੂ ਮਹਿਲਾਵਾਂ ਨੂੰ ਮੰਚ ਪ੍ਰਦਾਨ ਕਰਨਾ ਅਤੇ ਖੇਤੀਬਾੜੀ, ਪਸ਼ੂ ਪਾਲਣ ਤੇ ਪੇਂਡੂ ਅਰਥਵਿਵਸਥਾ ਵਿੱਚ ਉਨ੍ਹਾਂ ਦੀ ਅਹਿਮ ਭੂਮਿਕਾ ਨੂੰ ਮਾਨਤਾ ਦਿਵਾਉਣਾ ਸੀ।

ਪ੍ਰੋਗਰਾਮ ਦੌਰਾਨ ਡਾ. ਸਤਪਾਲ ਸਿੰਘ, ਮੁਖੀ, ਖੇਤੀਬਾੜੀ ਵਿਗਿਆਨ ਕੇਂਦਰ, ਪਾਣੀਪਤ ਨੇ ਕਿਹਾ ਕਿ ਮਹਿਲਾ ਕਿਸਾਨ ਦੇਸ਼ ਦੀ ਖੇਤੀਬਾੜੀ ਪ੍ਰਣਾਲੀ ਦੀ ਇੱਕ ਅਹਿਮ ਨੀਂਹ ਹਨ। ਉਹ ਫ਼ਸਲਾਂ ਦੇ ਉਤਪਾਦਨ, ਬੀਜਾਂ ਦੀ ਸੰਭਾਲ, ਨਦੀਨ ਨਿਯੰਤਰਣ, ਫ਼ਸਲਾਂ ਦੀ ਕਟਾਈ, ਫ਼ਸਲਾਂ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਅਤੇ ਹੋਰ ਖੇਤੀਬਾੜੀ ਗਤੀਵਿਧੀਆਂ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਪਾਣੀਪਤ ਜ਼ਿਲ੍ਹੇ ਵਿੱਚ ਵੀ ਮਹਿਲਾਵਾਂ ਦੀ ਭਾਗੀਦਾਰੀ ਖੇਤੀਬਾੜੀ ਅਤੇ ਪਰਿਵਾਰ ਦੀ ਰੋਜ਼ੀ-ਰੋਟੀ ਨੂੰ ਮਜ਼ਬੂਤ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ।

ਉਨ੍ਹਾਂ ਮਹਿਲਾ ਕਿਸਾਨਾਂ ਨੂੰ ਖੇਤੀਬਾੜੀ ਵਿਗਿਆਨ ਕੇਂਦਰ ਦੇ ਸਿਖਲਾਈ ਪ੍ਰੋਗਰਾਮਾਂ ਨਾਲ ਜੁੜਨ ਅਤੇ ਵਿਗਿਆਨਕ ਤਕਨੀਕਾਂ ਅਪਣਾ ਕੇ ਖੇਤੀਬਾੜੀ ਨੂੰ ਵਧੇਰੇ ਲਾਹੇਵੰਦ ਅਤੇ ਟਿਕਾਊ ਬਣਾਉਣ ਦਾ ਸੱਦਾ ਦਿੱਤਾ।



ਡਾ. ਕੁਲਦੀਪ ਦੂੜੀ, ਡੀ.ਈ.ਐੱਸ. (ਪਸ਼ੂ ਵਿਗਿਆਨ) ਨੇ ਪਸ਼ੂ ਪਾਲਣ ਅਤੇ ਡੇਅਰੀ ਫਾਰਮਿੰਗ ਵਿੱਚ ਮਹਿਲਾਵਾਂ ਦੀ ਭੂਮਿਕਾ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਵਿਗਿਆਨਕ ਢੰਗ ਨਾਲ ਪਸ਼ੂ ਪਾਲਣ ਪੇਂਡੂ ਮਹਿਲਾਵਾਂ ਦੀ ਆਮਦਨ ਵਧਾਉਣ ਅਤੇ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਆਤਮ-ਨਿਰਭਰ ਬਣਾਉਣ ਦਾ ਇੱਕ ਪ੍ਰਭਾਵਸ਼ਾਲੀ ਸਾਧਨ ਹੈ। ਉਨ੍ਹਾਂ ਪਸ਼ੂਆਂ ਦੀ ਸੰਤੁਲਿਤ ਖੁਰਾਕ, ਖਣਿਜ ਮਿਸ਼ਰਣ ਦੀ ਸਹੀ ਵਰਤੋਂ, ਸਫ਼ਾਈ, ਸਿਹਤ ਸੰਭਾਲ ਅਤੇ ਸਮੇਂ ਸਿਰ ਪ੍ਰਜਨਨ ਸਬੰਧੀ ਦੇਖਭਾਲ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਵਿਗਿਆਨਕ ਪਸ਼ੂ ਪਾਲਣ ਦੇ ਤਰੀਕੇ ਅਪਣਾ ਕੇ ਦੁੱਧ ਦੇ ਉਤਪਾਦਨ ਅਤੇ ਪਸ਼ੂਆਂ ਦੀ ਉਤਪਾਦਕਤਾ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ।

ਪ੍ਰੋਗਰਾਮ ਦੌਰਾਨ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਪੇਂਡੂ ਮਹਿਲਾਵਾਂ ਨੂੰ ਖੇਤੀਬਾੜੀ ਅਤੇ ਪਸ਼ੂ ਪਾਲਣ ਸਬੰਧੀ ਸਿਖਲਾਈ, ਆਧੁਨਿਕ ਤਕਨੀਕਾਂ ਅਤੇ ਸਵੈ-ਰੁਜ਼ਗਾਰ ਦੇ ਮੌਕਿਆਂ ਨਾਲ ਜੋੜਨਾ ਸਮੇਂ ਦੀ ਲੋੜ ਹੈ। ਖੇਤੀਬਾੜੀ ਵਿਗਿਆਨ ਕੇਂਦਰ, ਉਝਾ, ਪਾਣੀਪਤ ਕਿਸਾਨਾਂ, ਖ਼ਾਸ ਕਰਕੇ ਮਹਿਲਾ ਕਿਸਾਨਾਂ ਤੱਕ ਵਿਗਿਆਨਕ ਜਾਣਕਾਰੀ ਪਹੁੰਚਾਉਣ, ਹੁਨਰ ਵਿਕਾਸ ਨੂੰ ਉਤਸ਼ਾਹਿਤ ਕਰਨ ਅਤੇ ਟਿਕਾਊ ਖੇਤੀਬਾੜੀ ਤਰੀਕਿਆਂ ਦਾ ਪ੍ਰਸਾਰ ਕਰਨ ਲਈ ਲਗਾਤਾਰ ਕੰਮ ਕਰ ਰਿਹਾ ਹੈ।

ਪ੍ਰੋਗਰਾਮ ਦਾ ਸੰਦੇਸ਼ ਸੀ ਕਿ ਮਹਿਲਾ ਕਿਸਾਨਾਂ ਨੂੰ ਪਛਾਣ, ਸਿਖਲਾਈ ਅਤੇ ਬਰਾਬਰ ਮੌਕੇ ਪ੍ਰਦਾਨ ਕਰਕੇ ਖੇਤੀਬਾੜੀ ਨੂੰ ਵਧੇਰੇ ਉਤਪਾਦਕ, ਲਾਹੇਵੰਦ ਅਤੇ ਟਿਕਾਊ ਬਣਾਇਆ ਜਾ ਸਕਦਾ ਹੈ। ਮਹਿਲਾ ਕਿਸਾਨਾਂ ਦਾ ਸਸ਼ਕਤੀਕਰਨ ਨਾ ਸਿਰਫ਼ ਪੇਂਡੂ ਪਰਿਵਾਰਾਂ ਦੀ ਆਰਥਿਕ ਸਥਿਤੀ ਨੂੰ ਮਜ਼ਬੂਤ ਕਰਦਾ ਹੈ, ਸਗੋਂ ਦੇਸ਼ ਦੀ ਖੇਤੀਬਾੜੀ ਅਤੇ ਅਰਥਵਿਵਸਥਾ ਦੇ ਵਿਕਾਸ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਉਂਦਾ ਹੈ।

ਧਰੁਵ ਰਾਠੀ ਵਿਰੁੱਧ ਫ਼ੌਜ ਨੂੰ ਉਕਸਾਉਣ ਦੇ ਦੋਸ਼ ਹੇਠ ਕੇਸ ਦਰਜ ਹੋਵੇ: ਪ੍ਰੋ. ਸਰਚਾਂਦ ਸਿੰਘ ਖਿਆਲਾ


ਅੰਮ੍ਰਿਤਸਰ
ਸਾਂਝੀ ਸੋਚ ਬਿਊਰੋ

ਪੰਜਾਬ ਭਾਜਪਾ ਦੇ ਬੁਲਾਰੇ ਅਤੇ ਸਿੱਖ ਚਿੰਤਕ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਦੋਸ਼ ਲਾਇਆ ਕਿ ਕਾਂਗਰਸੀ ਆਗੂ ਰਾਹੁਲ ਗਾਂਧੀ ਅਤੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਸਿਆਸਤ ਦੇਸ਼ ਵਿੱਚ ਅਸਥਿਰਤਾ ਤੇ ਅਰਾਜਕਤਾ ਪੈਦਾ ਕਰਨ ਵੱਲ ਵਧ ਰਹੀ ਹੈ। ਉਨ੍ਹਾਂ ਨੇ 'ਕਾਕਰੋਚ ਜਨਤਾ ਪਾਰਟੀ' ਵਰਗੇ ਮੰਚਾਂ ਰਾਹੀਂ ਨੌਜਵਾਨਾਂ, ਖ਼ਾਸ ਕਰਕੇ ਜਨਰੇਸ਼ਨ-ਜ਼ੈੱਡ, ਨੂੰ ਸੌੜੇ ਸਿਆਸੀ ਹਿੱਤਾਂ ਲਈ ਵਰਤਣ ਦੇ ਯਤਨਾਂ ਦੀ ਸਖਤ ਆਲੋਚਨਾ ਕੀਤੀ।

ਉਨ੍ਹਾਂ ਕਿਹਾ ਕਿ ਸੱਤਾ ਦੀ ਲਾਲਸਾ ਵਿੱਚ ਨੌਜਵਾਨਾਂ ਅਤੇ ਤਿਰੰਗੇ ਨੂੰ ਢਾਲ ਬਣਾਉਣਾ ਵਿਰੋਧੀ ਧਿਰ ਦੀ ਸਿਆਸੀ ਗਿਰਾਵਟ ਨੂੰ ਦਰਸਾਉਂਦਾ ਹੈ। ਲੋਕਤੰਤਰ ਵਿੱਚ ਸਰਕਾਰ ਦਾ ਵਿਰੋਧ ਕਰਨਾ ਹਰ ਕਿਸੇ ਦਾ ਹੱਕ ਹੈ, ਪਰ ਫ਼ੌਜ ਅਤੇ ਪੁਲਿਸ ਨੂੰ ਚੁਣੀ ਹੋਈ ਸਰਕਾਰ ਵਿਰੁੱਧ ਭੜਕਾਉਣਾ ਕੌਮੀ ਸੁਰੱਖਿਆ ਅਤੇ ਸੰਵਿਧਾਨਕ ਵਿਵਸਥਾ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਪ੍ਰੋ. ਖਿਆਲਾ ਨੇ ਜਰਮਨੀ ਵਿੱਚ ਰਹਿਣ ਵਾਲੇ ਇਨਫਲੂਐਂਸਰ ਅਤੇ 'ਕਾਕਰੋਚ ਜਨਤਾ ਪਾਰਟੀ' ਦੇ ਆਗੂ ਧਰੁਵ ਰਾਠੀ ਦੇ ਇਕ ਬਿਆਨ ਰਾਹੀਂ ਭਾਰਤੀ ਫ਼ੌਜ ਅਤੇ ਪੁਲਿਸ ਨੂੰ ਚੁਣੀ ਹੋਈ ਸਰਕਾਰ ਵਿਰੁੱਧ ਉਕਸਾਉਣ ਦੀ ਸਖ਼ਤ ਨਿਖੇਧੀ ਕੀਤੀ। ਉਨ੍ਹਾਂ ਧਰੁਵ ਰਾਠੀ ਵਿਰੁੱਧ ਕੇਸ ਦਰਜ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਫ਼ੌਜ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਸਿਆਸੀ ਟਕਰਾਅ ਵਿੱਚ ਘਸੀਟਣ ਦੇ ਕਿਸੇ ਵੀ ਯਤਨ ਵਿਰੁੱਧ ਸਖ਼ਤ ਰੁਖ਼ ਅਪਣਾਇਆ ਜਾਣਾ ਚਾਹੀਦਾ ਹੈ। ਪ੍ਰੋ. ਖਿਆਲਾ ਨੇ ਕਿਹਾ ਕਿ ਇੱਕ ਪ੍ਰੋਗਰਾਮ ਦੌਰਾਨ ਧਰੁਵ ਰਾਠੀ ਨੇ ਕਥਿਤ ਤੌਰ 'ਤੇ ਭੜਕਾਊ ਟਿੱਪਣੀ ਕਰਦਿਆਂ ਕਿਹਾ ਕਿ ਜੇਕਰ ਪੂਰੀ ਫ਼ੌਜ ਇਕੱਠਿਆਂ ਆਵਾਜ਼ ਉਠਾਵੇ ਅਤੇ ਅਸਤੀਫ਼ੇ ਦੇਵੇ ਤਾਂ ਸਰਕਾਰ ਕੁਝ ਨਹੀਂ ਕਰ ਸਕਦੀ। ਉਨ੍ਹਾਂ ਕਿਹਾ ਕਿ ਅਜਿਹੀ ਟਿੱਪਣੀ ਲੋਕਤੰਤਰੀ ਮਰਿਆਦਾਵਾਂ ਦੀ ਉਲੰਘਣਾ ਹੈ ਅਤੇ ਦੇਸ਼ ਦੀਆਂ ਸੁਰੱਖਿਆ ਸੰਸਥਾਵਾਂ ਨੂੰ ਸਿਆਸੀ ਟਕਰਾਅ ਵਿੱਚ ਧੱਕਣ ਵਾਲੀ ਖ਼ਤਰਨਾਕ ਤੇ ਦੇਸ਼ ਧ੍ਰੋਹੀ ਮਾਨਸਿਕਤਾ ਨੂੰ ਦਰਸਾਉਂਦੀ ਹੈ।

ਉਨ੍ਹਾਂ ਧਰੁਵ ਰਾਠੀ ਦੀਆਂ ਟਿੱਪਣੀਆਂ ਦਾ ਭਾਰਤੀ ਫ਼ੌਜ ਅਤੇ ਹਵਾਈ ਫ਼ੌਜ ਦੇ ਸਾਬਕਾ ਸੈਨਿਕਾਂ ਵੱਲੋਂ ਸਖ਼ਤ ਵਿਰੋਧ ਕੀਤੇ ਜਾਣ ਦਾ ਸਵਾਗਤ ਕੀਤਾ। ਪ੍ਰੋ. ਖਿਆਲਾ ਨੇ ਕਿਹਾ ਕਿ ਫ਼ੌਜ ਅਤੇ ਪੁਲਿਸ ਨੂੰ ਸਿਆਸੀ ਹਿੱਤਾਂ ਲਈ ਵਰਤਣ ਜਾਂ ਚੁਣੀ ਹੋਈ ਸਰਕਾਰ ਵਿਰੁੱਧ ਉਕਸਾਉਣ ਦੀ ਕਿਸੇ ਵੀ ਕੋਸ਼ਿਸ਼ ਨੂੰ ਕੌਮੀ ਸੁਰੱਖਿਆ ਅਤੇ ਸੰਵਿਧਾਨਕ ਲੋਕਤੰਤਰ ਦੇ ਵਡੇਰੇ ਹਿੱਤ ਵਿੱਚ ਗੰਭੀਰਤਾ ਨਾਲ ਲਿਆ ਜਾਣਾ ਚਾਹੀਦਾ ਹੈ।



ਗੁਰਦੁਆਰਾ ਸਾਹਿਬ San Jose

ਵੱਲੋਂ ਅਕਤੂਬਰ ਮਹੀਨੇ ਵਿੱਚ ਸੰਗਤਾਂ ਲਈ
ਵਿਸ਼ੇਸ਼ ਧਾਰਮਿਕ, ਗੁਰਮਤਿ ਅਤੇ ਯਾਦਗਾਰੀ ਸਮਾਗਮਾਂ ਦੀ ਲੜੀ ਕਰਵਾਈ ਜਾ ਰਹੀ ਹੈ।

4 ਅਕਤੂਬਰ 2026

Home Mortgage Seminar

Empowering New Immigrants & First-Time Home Buyers ਲਈ ਵਿਸ਼ੇਸ਼ ਸਮਾਗਮ 1:00 PM – 2:30 PM
ਇੱਥੇ ਪਹਿਲੀ ਵਾਰ ਘਰ ਖਰੀਦਣ, Credit, Down Payment, Loans ਅਤੇ ਹੋਰ ਵੀ ਬਹੁਤ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਜਾਵੇਗੀ।

Location - Conference Room, Committee Office ਦੇ ਨੇੜੇ

12 – 18 ਅਕਤੂਬਰ 2026

Blissful Living – In 7 Days

ਗੁਰਮਤਿ ਵਿਚਾਰ | ਨਾਮ ਸਿਮਰਨ | ਧਿਆਨ | ਕਸਰਤ | ਪਰਿਵਾਰਕ ਰਿਸ਼ਤੇ
* ਗੁੱਸਾ ਅਤੇ ਤਣਾਅ ਸੰਭਾਲਣਾ ਤੇ ਕਈ ਹੋਰ ਮਹੱਤਵਪੂਰਨ ਵਿਸ਼ਿਆਂ ਬਾਰੇ ਵਿਚਾਰ ਕੀਤਾ ਜਾਵੇਗਾ।

ਸ਼ਾਮ 6:00 PM – 8:00 PM

17 ਅਕਤੂਬਰ 2026

ਕੱਤਕ ਦੀ ਸੰਗਰਾਂਦ

23 ਅਕਤੂਬਰ 2026

ਧੰਨ ਧੰਨ ਬਾਬਾ ਬੁੱਢਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ
ਵਿਸ਼ੇਸ਼ ਸਮਾਗਮ
ਸਵੇਰ ਦਾ ਦੀਵਾਨ — 10:45 AM ਤੱਕ
ਸ਼ਾਮ ਦਾ ਦੀਵਾਨ — 8:45 PM ਤੱਕ

27 ਅਕਤੂਬਰ 2026

ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ
ਵਿਸ਼ੇਸ਼ ਸਮਾਗਮ ਕਰਵਾਇਆ ਜਾ ਰਿਹਾ |

ਇਨ੍ਹਾਂ ਸਾਰੇ ਵਿਸ਼ੇਸ਼ ਸਮਾਗਮਾਂ ਵਿੱਚ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।

Address : 3636 Gurdwara Ave, San Jose, CA, 95148
www.sanjosegurdwara.com | (408) 274-9373

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

WATCH LIVE NAGAR KIRTAN

October 30 & 31 | November 1, 2026

FULL LIVE COVERAGE

PTC PUNJABI

SIKH TEMPLE, GURDWARA YUBA CITY, CA

MANNAT PRODUCTION

ਸਾਂਝੀ ਸੋਚ HD
ਧੜਕਣ ਹਰ ਦਿਲ ਦੀ


SANJHA PUNJAB USA
PROUDLY PRESENTS
ASSOCIATE WITH
Jeeway Punjab Entertainment
and Atul Kapoor
SUFI SHAM
WITH
HANS RAJ HANS
FRIDAY
NOV 6
7.30 PM
Venue
Royal Event Hall
7323 Home Leisure Plaza
Sacramento CA 95823
SACRAMENTO-CA
VVIP TABLE
1st Row Tables
Premium Experience Includes:
Front Row Seating
Drinks
Appetizers
Sweet Dish
Dinner
Picture with the Artist
Your Name Displayed on the Stage Back Screen
VIP TABLE
2nd & 3rd Row Tables:
Special Experience Includes:
Drinks
Appetizers
Sweet Dish
Dinner
Picture with the Artist
Your Name Displayed on the Stage Back Screen
GENERAL TABLE
Includes:
Food
Drinks
Limited Tables Available – Book Your Table Now!
Jassi Banga 916-796-5003
Teja Virak 916-912-5678
Sonu Chatha 916-716-7331
Atul Kapoor 209-670-5384
Balwinder Bajwa 516-852-2222
Jassi Katron : 916-937-7785
Surinder Mahey : 408-620-2470

‘ਰਾਮ ਸੁਮਿਰ ਮੇਂ’ ਵਿੱਚ ਕੇਵਟ ਪ੍ਰਸੰਗ ਨੇ ਦਿੱਤਾ ਨਿਸ਼ਕਪਟ ਭਗਤੀ ਅਤੇ ਸਮਰਪਣ ਦਾ ਸੰਦੇਸ਼

ਜੰਡਿਆਲਾ ਗੁਰੂ
ਸਾਂਝੀ ਸੋਚ ਬਿਊਰੋ

ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਰਘੁਨਾਥ ਡਾਲਿਆਣਾ ਮੰਦਿਰ, ਜੰਡਿਆਲਾ ਗੁਰੂ ਵਿਖੇ ਆਯੋਜਿਤ ‘ਰਾਮ ਸੁਮਿਰ ਮੇਂ’ ਪ੍ਰੋਗਰਾਮ ਦੇ ਤਹਿਤ ਸ਼੍ਰੀ ਰਾਮ ਕਥਾਮ੍ਰਿਤ ਵਿੱਚ ਸ਼੍ਰੀ ਆਸ਼ੁਤੋਸ਼ ਮਹਾਰਾਜ ਜੀ ਦੀ ਸੇਵਿਕਾ ਸਾਧਵੀ ਵਿਰੇਸ਼ਾ ਭਾਰਤੀ ਜੀ ਨੇ ਕੇਵਟ ਪ੍ਰਸੰਗ ਰਾਹੀਂ ਪ੍ਰਭੂ ਸ਼੍ਰੀ ਰਾਮ ਪ੍ਰਤੀ ਅਟੂੱਟ ਪ੍ਰੇਮ, ਵਿਸ਼ਵਾਸ ਅਤੇ ਨਿਸ਼ਕਾਮ ਭਗਤੀ ਦੀ ਮਹਿਮਾ ਦਾ ਵਰਣਨ ਕੀਤਾ। ਉਨ੍ਹਾਂ ਨੇ ਦੱਸਿਆ ਕਿ ਸ਼੍ਰੀ ਰਾਮ ਕਥਾ ਕੇਵਲ ਭਗਵਾਨ ਸ਼੍ਰੀ ਰਾਮ ਦੇ ਜੀਵਨ ਪ੍ਰਸੰਗਾਂ ਦਾ ਵਰਣਨ ਹੀ ਨਹੀਂ, ਸਗੋਂ ਮਨੁੱਖੀ ਜੀਵਨ ਨੂੰ ਆਦਰਸ਼ਾਂ, ਮਰਿਆਦਾ, ਪ੍ਰੇਮ ਅਤੇ ਅਧਿਆਤਮਿਕ ਗਿਆਨ ਨਾਲ ਜੋੜਨ ਦਾ ਇੱਕ ਦਿਵਯ ਮਾਧਿਅਮ ਹੈ। ਕਥਾ ਰਾਹੀਂ ਮਨੁੱਖ ਆਪਣੇ ਜੀਵਨ ਵਿੱਚ ਭਗਤੀ, ਨਿਮਰਤਾ, ਸੇਵਾ ਅਤੇ ਸਮਰਪਣ ਵਰਗੇ ਗੁਣਾਂ ਨੂੰ ਅਪਣਾਉਣ ਦੀ ਪ੍ਰੇਰਣਾ ਪ੍ਰਾਪਤ ਕਰਦਾ ਹੈ। ਕੇਵਟ ਪ੍ਰਸੰਗ ਦਾ ਜ਼ਿਕਰ ਕਰਦਿਆਂ ਸਾਧਵੀ ਜੀ ਨੇ ਕਿਹਾ ਕਿ ਕੇਵਟ ਲਈ ਪ੍ਰਭੂ ਸ਼੍ਰੀ ਰਾਮ ਦੇ ਚਰਨਾਂ ਦੀ ਸੇਵਾ ਕਰਨਾ ਹੀ ਪਰਮ ਸੌਭਾਗ ਸੀ। ਉਸ ਦਾ ਪ੍ਰੇਮ ਕਿਸੇ ਸੰਸਾਰਕ ਸੁਆਰਥ ’ਤੇ ਆਧਾਰਿਤ ਨਹੀਂ ਸੀ, ਸਗੋਂ ਪੂਰਨ ਸ਼ਰਧਾ ਅਤੇ ਨਿਸ਼ਕਪਟ ਸਮਰਪਣ ਨਾਲ ਭਰਪੂਰ ਸੀ। ਇਹ ਪ੍ਰਸੰਗ ਸੰਦੇਸ਼ ਦਿੰਦਾ ਹੈ ਕਿ ਪ੍ਰਭੂ ਪ੍ਰਤੀ ਸੱਚੀ ਭਗਤੀ ਧਨ, ਅਹੁਦੇ ਜਾਂ ਬਾਹਰੀ ਦਿਖਾਵੇ ਨਾਲ ਨਹੀਂ, ਸਗੋਂ ਹਿਰਦੇ ਦੀ ਪਵਿੱਤਰਤਾ ਨਾਲ ਪ੍ਰਗਟ ਹੁੰਦੀ ਹੈ। ਸਾਧਵੀ ਜੀ ਨੇ ਸਮਝਾਇਆ ਕਿ ਪਰਮਾਤਮਾ ਪ੍ਰਤੀ ਪ੍ਰੇਮ ਅਤੇ ਵਿਸ਼ਵਾਸ ਉਦੋਂ ਹੀ ਦ੍ਰਿੜ੍ਹ ਹੁੰਦੇ ਹਨ, ਜਦੋਂ ਮਨੁੱਖ ਉਨ੍ਹਾਂ ਦੇ ਅਸਲ ਸਰੂਪ ਨੂੰ ਜਾਣਦਾ ਹੈ। ਗੋਸਵਾਮੀ ਤੁਲਸੀਦਾਸ ਜੀ ਦੇ ਸ਼ਬਦਾਂ ਵਿੱਚ, “ਜਾਨੇ ਬਿਨਾ ਨ ਹੋਇ ਪ੍ਰਤੀਤੀ, ਬਿਨੁ ਪ੍ਰਤੀਤੀ ਹੋਇ ਨਹਿੰ ਪ੍ਰੀਤੀ।” ਇਸ ਲਈ ਜੀਵਨ ਵਿੱਚ ਪੂਰਨ ਸਤਿਗੁਰੂ ਦਾ ਸੰਗ ਅਤੇ ਬ੍ਰਹਮਗਿਆਨ ਦੀ ਪ੍ਰਾਪਤੀ ਬੇਹੱਦ ਜ਼ਰੂਰੀ ਹੈ, ਜੋ ਮਨੁੱਖ ਨੂੰ ਪਰਮਾਤਮਾ ਦਾ ਪ੍ਰਤੱਖ ਅਨੁਭਵ ਕਰਵਾ ਕੇ ਉਸ ਦੀ ਭਗਤੀ ਨੂੰ ਸਥਾਈ ਆਧਾਰ ਪ੍ਰਦਾਨ ਕਰਦੇ ਹਨ। ਦਿਵਯ ਜੋਤੀ ਜਾਗ੍ਰਿਤੀ ਸੰਸਥਾਨ ਦੇ ਸੰਸਥਾਪਕ ਅਤੇ ਸੰਚਾਲਕ ਸਰਵ ਸ਼੍ਰੀ ਆਸ਼ੁਤੋਸ਼ ਮਹਾਰਾਜ ਜੀ ਇਸੇ ਸਨਾਤਨ ਅਧਿਆਤਮਿਕ ਗਿਆਨ ਰਾਹੀਂ ਸਮੁੱਚੀ ਮਨੁੱਖਤਾ ਨੂੰ ਪਰਮਾਤਮਾ ਦੇ ਸਾਕਸ਼ਾਤਕਾਰ ਦੀ ਦਿਸ਼ਾ ਵੱਲ ਪ੍ਰੇਰਿਤ ਕਰ ਰਹੇ ਹਨ। ਸ਼੍ਰੀ ਰਾਮ ਕਥਾ ਦਾ ਅਸਲ ਉਦੇਸ਼ ਵੀ ਉਦੋਂ ਹੀ ਸਾਰਥਕ ਹੁੰਦਾ ਹੈ, ਜਦੋਂ ਇਸ ਦੇ ਦਿਵਯ ਸੰਦੇਸ਼ਾਂ ਨੂੰ ਸੁਣਨ ਦੇ ਨਾਲ-ਨਾਲ ਜੀਵਨ ਵਿੱਚ ਧਾਰਨ ਵੀ ਕੀਤਾ ਜਾਵੇ ਅਤੇ ਪ੍ਰਭੂ ਸ਼੍ਰੀ ਰਾਮ ਦੇ ਆਦਰਸ਼ਾਂ ’ਤੇ ਚੱਲਦਿਆਂ ਪ੍ਰੇਮ, ਸੇਵਾ, ਨਿਮਰਤਾ ਅਤੇ ਸਮਰਪਣ ਨਾਲ ਭਰਪੂਰ ਜੀਵਨ ਦਾ ਨਿਰਮਾਣ ਕੀਤਾ ਜਾਵੇ। ਪ੍ਰੋਗਰਾਮ ਦੌਰਾਨ ਸਾਧਵੀ ਨੀਰਜਾ ਭਾਰਤੀ, ਕ੍ਰਿਸ਼ਨਪ੍ਰੀਤਾ ਭਾਰਤੀ, ਸੁਵਿੰਦਰ ਬਬਲਾ, ਸਾਹਿਲ ਸ਼ਰਮਾ, ਪਰਗਟ ਸਿੰਘ, ਪ੍ਰਵੀਨ ਸ਼ਰਮਾ, ਸੁਰਿੰਦਰ ਸੋਨੂੰ, ਪੰਡਿਤ ਰਘੁਵੀਰ,ਪੰਡਿਤ ਵੀਰ ਆਦਿ ਮੌਜੂਦ ਰਹੇ।



ਭਾਰਤ ਅਤੇ ਜਾਪਾਨ ਨੇ ਸੜਕ ਬੁਨਿਆਦੀ ਢਾਂਚੇ ਦੇ ਖੇਤਰ ਵਿੱਚ ਨੇੜਲੇ ਸਬੰਧਾਂ 'ਤੇ ਕੀਤੀ ਚਰਚਾ

ਬੈਂਕਾਕ
ਸਾਂਝੀ ਸੋਚ ਬਿਊਰੋ

ਸੜਕਾਂ ਅਤੇ ਸੜਕ ਆਵਾਜਾਈ ਖੇਤਰ ‘ਤੇ ਭਾਰਤ-ਜਾਪਾਨ ਸੰਯੁਕਤ ਕਾਰਜ ਸਮੂਹ (ਜੇਡਬਲਯੂਜੀ) ਨੇ ਵੀਰਵਾਰ ਨੂੰ ਇੱਥੇ ਦੋਵਾਂ ਦੇਸ਼ਾਂ ਵਿਚਕਾਰ ਤਕਨੀਕੀ ਗਿਆਨ, ਅਨੁਭਵ ਅਤੇ ਵਧੀਆ ਅਭਿਆਸਾਂ ਦੇ ਆਦਾਨ-ਪ੍ਰਦਾਨ ਨੂੰ ਸੁਵਿਧਾਜਨਕ ਬਣਾਉਣ ਲਈ ਵਿਚਾਰ-ਵਟਾਂਦਰਾ ਕੀਤਾ, ਜਦੋਂ ਕਿ ਸੜਕੀ ਬੁਨਿਆਦੀ ਢਾਂਚੇ ਦੀ ਯੋਜਨਾਬੰਦੀ, ਨਿਰਮਾਣ, ਸੰਚਾਲਨ ਅਤੇ ਰੱਖ-ਰਖਾਅ ਵਿੱਚ ਵਧੇ ਹੋਏ ਸਹਿਯੋਗ ਦੇ ਮੌਕਿਆਂ ਦੀ ਪੜਚੋਲ ਕੀਤੀ। ਮੀਟਿੰਗ ਨੇ ਤਕਨੀਕੀ ਨਵੀਨਤਾ, ਟਿਕਾਊ ਨਿਰਮਾਣ ਅਭਿਆਸਾਂ ਅਤੇ ਤਕਨੀਕੀ ਮੁਹਾਰਤ ਦੇ ਆਦਾਨ-ਪ੍ਰਦਾਨ ਰਾਹੀਂ ਸੜਕ ਅਤੇ ਆਵਾਜਾਈ ਬੁਨਿਆਦੀ ਢਾਂਚੇ ਨੂੰ ਅੱਗੇ ਵਧਾਉਣ ਵਿੱਚ ਭਾਰਤ-ਜਾਪਾਨ ਸਹਿਯੋਗ ਦੀ ਮਹੱਤਤਾ ਦੀ ਪੁਸ਼ਟੀ ਕੀਤੀ।

ਇਹ ਮੀਟਿੰਗ ਦੋਵਾਂ ਦੇਸ਼ਾਂ ਵਿਚਕਾਰ ਸੜਕ ਆਵਾਜਾਈ ਖੇਤਰ ਵਿੱਚ ਦੁਵੱਲੇ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਇੱਕ ਮਹੱਤਵਪੂਰਨ ਪਲੇਟਫਾਰਮ ਪ੍ਰਦਾਨ ਕਰਦੀ ਹੈ, ਜਿਸ ਵਿੱਚ ਉੱਨਤ ਨਿਰਮਾਣ ਤਕਨਾਲੋਜੀਆਂ, ਸੁਰੰਗ ਅਤੇ ਪੁਲ ਇੰਜੀਨੀਅਰਿੰਗ, ਟਿਕਾਊ ਬੁਨਿਆਦੀ ਢਾਂਚਾ ਵਿਕਾਸ, ਅਤੇ ਸੜਕ ਪ੍ਰਬੰਧਨ ਵਿੱਚ ਨਵੀਆਂ ਅਤੇ ਡਿਜੀਟਲ ਤਕਨਾਲੋਜੀਆਂ ਦੀ ਵਰਤੋਂ ‘ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਂਦਾ ਹੈ। ਭਾਰਤੀ ਅਤੇ ਜਾਪਾਨੀ ਤਕਨੀਕੀ ਸੰਸਥਾਵਾਂ ਅਤੇ ਉਦਯੋਗ ਦੇ ਮਾਹਿਰਾਂ ਅਤੇ ਪ੍ਰਤੀਨਿਧੀਆਂ ਨੇ ਤਕਨੀਕੀ ਪੇਸ਼ਕਾਰੀਆਂ ਅਤੇ ਇੰਟਰਐਕਟਿਵ ਪ੍ਰਸ਼ਨ-ਉੱਤਰ ਸੈਸ਼ਨਾਂ ਦੌਰਾਨ ਆਪਣੇ ਗਿਆਨ ਅਤੇ ਅਨੁਭਵ ਸਾਂਝੇ ਕੀਤੇ। ਵਿਚਾਰ-ਵਟਾਂਦਰੇ ਨੇ ਸੜਕੀ ਬੁਨਿਆਦੀ ਢਾਂਚੇ ਦੀ ਗੁਣਵੱਤਾ, ਕੁਸ਼ਲਤਾ ਅਤੇ ਪ੍ਰਬੰਧਨ ਵਿੱਚ ਸੁਧਾਰ ਲਈ ਨਵੀਨਤਾਕਾਰੀ ਤਕਨਾਲੋਜੀਆਂ ਅਤੇ ਟਿਕਾਊ ਅਭਿਆਸਾਂ ਨੂੰ ਅਪਣਾਉਣ ‘ਤੇ ਦ੍ਰਿਸ਼ਟੀਕੋਣਾਂ ਦਾ ਆਦਾਨ-ਪ੍ਰਦਾਨ ਕਰਨ ਦਾ ਮੌਕਾ ਪ੍ਰਦਾਨ ਕੀਤਾ। ਇਹ ਮੀਟਿੰਗ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰਾਲੇ ਦੁਆਰਾ ਭਾਰਤ ਅਤੇ ਜਾਪਾਨੀ ਸਰਕਾਰਾਂ ਦੇ ਪ੍ਰਤੀਨਿਧੀਆਂ, ਸੰਬੰਧਿਤ ਸੰਸਥਾਵਾਂ ਅਤੇ ਉਦਯੋਗ ਦੇ ਹਿੱਸੇਦਾਰਾਂ ਦੀ ਭਾਗੀਦਾਰੀ ਨਾਲ ਆਯੋਜਿਤ ਕੀਤੀ ਗਈ ਸੀ। ਸਮੁੱਚੀ ਸਰਕਾਰੀ ਪਹੁੰਚ ਦੇ ਤਹਿਤ, ਰੇਲਵੇ ਮੰਤਰਾਲੇ ਅਤੇ ਬਿਜਲੀ ਮੰਤਰਾਲੇ ਨੇ ਵੀ ਮੀਟਿੰਗ ਵਿੱਚ ਸਰਗਰਮੀ ਨਾਲ ਹਿੱਸਾ ਲਿਆ।



ਇਹ ਮੀਟਿੰਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਪ੍ਰਗਟ ਕੀਤੇ ਗਏ ਵਿਕਾਸ ਭਾਰਤ 2047 ਦੇ ਦ੍ਰਿਸ਼ਟੀਕੋਣ ਨਾਲ ਮੇਲ ਖਾਂਦੀ ਹੈ, ਜੋ ਕਿ ਭਾਰਤ ਨੂੰ ਆਪਣੀ ਆਜ਼ਾਦੀ ਦੀ ਸ਼ਤਾਬਦੀ ਤੱਕ ਇੱਕ ਵਿਕਸਤ ਰਾਸ਼ਟਰ ਵਜੋਂ ਕਲਪਨਾ ਕਰਦਾ ਹੈ, ਆਰਥਿਕ ਵਿਕਾਸ ਦਾ ਸਮਰਥਨ ਕਰਦਾ ਹੈ, ਸੰਪਰਕ ਵਿੱਚ ਸੁਧਾਰ ਕਰਦਾ ਹੈ, ਲੌਜਿਸਟਿਕਸ ਕੁਸ਼ਲਤਾ ਨੂੰ ਮਜ਼ਬੂਤ ਕਰਦਾ ਹੈ ਅਤੇ ਇੱਕ ਅਧਿਕਾਰਤ ਬਿਆਨ ਦੇ ਅਨੁਸਾਰ, ਸਾਰੇ ਖੇਤਰਾਂ ਵਿੱਚ ਮੌਕਿਆਂ ਤੱਕ ਪਹੁੰਚ ਨੂੰ ਸੁਵਿਧਾਜਨਕ ਬਣਾਉਂਦਾ ਹੈ। ਕੇਂਦਰੀ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨੇ ਵਿਸ਼ਵ ਪੱਧਰੀ, ਸੁਰੱਖਿਅਤ, ਕੁਸ਼ਲ, ਟਿਕਾਊ ਅਤੇ ਤਕਨਾਲੋਜੀ-ਅਧਾਰਤ ਸੜਕ ਬੁਨਿਆਦੀ ਢਾਂਚੇ ਦੇ ਵਿਕਾਸ ‘ਤੇ ਜ਼ੋਰ ਦਿੱਤਾ ਹੈ, ਜਿਸ ਵਿੱਚ ਪੁਲ ਅਤੇ ਸੁਰੰਗਾਂ ਸ਼ਾਮਲ ਹਨ ਜੋ ਭਾਰਤ ਦੇ ਆਰਥਿਕ ਵਿਕਾਸ ਦਾ ਸਮਰਥਨ ਕਰਦੇ ਹਨ ਅਤੇ ਇਸਦੇ ਨਾਗਰਿਕਾਂ ਦੇ ਜੀਵਨ ਦੀ ਸਹੂਲਤ ਅਤੇ ਗੁਣਵੱਤਾ ਨੂੰ ਵਧਾਉਂਦੇ ਹਨ।

ਭਾਰਤ-ਜਾਪਾਨ ਸਾਫ਼ ਊਰਜਾ, ਮਹੱਤਵਪੂਰਨ ਖਣਿਜਾਂ ਵਿੱਚ ਸਹਿਯੋਗ ਵਧਾਉਣਗੇ: ਵਿੱਤ ਮੰਤਰੀ

ਬੈਂਕਾਕ
ਸਾਂਝੀ ਸੋਚ ਬਿਊਰੋ

ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਸ਼ੁੱਕਰਵਾਰ ਨੂੰ ਇੱਥੇ ਵਿਸ਼ਵ ਬੈਂਕ-ਆਈਐਮਐਫ ਸਾਲਾਨਾ ਮੀਟਿੰਗਾਂ ਦੇ ਮੌਕੇ ‘ਤੇ ਜਾਪਾਨ ਬੈਂਕ ਫਾਰ ਇੰਟਰਨੈਸ਼ਨਲ ਕੋਆਪਰੇਸ਼ਨ (ਜੇਬੀਆਈਸੀ) ਦੇ ਗਵਰਨਰ ਕਾਜ਼ੂਹੀਕੋ ਅਮਾਕਾਵਾ ਨਾਲ ਮੁਲਾਕਾਤ ਕੀਤੀ ਅਤੇ ਸਾਫ਼ ਊਰਜਾ, ਸੈਮੀਕੰਡਕਟਰਾਂ ਅਤੇ ਮਹੱਤਵਪੂਰਨ ਖਣਿਜਾਂ ਵਿੱਚ ਸਹਿਯੋਗ ਵਧਾਉਣ ‘ਤੇ ਚਰਚਾ ਕੀਤੀ। ਸੋਸ਼ਲ ਮੀਡੀਆ ਪਲੇਟਫਾਰਮ ਐਕਸ ‘ਤੇ ਜਾਂਦੇ ਹੋਏ, ਵਿੱਤ ਮੰਤਰਾਲੇ ਨੇ ਕਿਹਾ ਕਿ ਉਨ੍ਹਾਂ ਦੀ ਚਰਚਾ ਸਾਫ਼ ਊਰਜਾ, ਊਰਜਾ ਤਬਦੀਲੀ, ਉੱਨਤ ਨਿਰਮਾਣ, ਸੈਮੀਕੰਡਕਟਰਾਂ, ਮਹੱਤਵਪੂਰਨ ਖਣਿਜਾਂ, ਇਲੈਕਟ੍ਰਿਕ ਗਤੀਸ਼ੀਲਤਾ ਅਤੇ ਲਚਕੀਲੇ ਸਪਲਾਈ ਚੇਨਾਂ ਵਿੱਚ ਸਹਿਯੋਗ ਵਧਾਉਣ ‘ਤੇ ਕੇਂਦ੍ਰਿਤ ਸੀ, ਜਿਸ ਵਿੱਚ $600 ਮਿਲੀਅਨ ਭਾਰਤ-ਜਾਪਾਨ ਫੰਡ ਅਤੇ ਰਾਸ਼ਟਰੀ ਨਿਵੇਸ਼ ਅਤੇ ਬੁਨਿਆਦੀ ਢਾਂਚਾ ਫੰਡ (ਐਨਆਈਆਈਐਫ) ਵਿੱਚ ਜਾਪਾਨੀ ਭਾਗੀਦਾਰੀ ਸ਼ਾਮਲ ਹੈ। ਇਸ ਦੌਰਾਨ, ਅਮਾਕਾਵਾ ਨੇ ਈ-ਮੋਬਿਲਿਟੀ ਅਤੇ ਬਾਇਓਇਥੇਨੌਲ ਵਿੱਚ ਨਿਵੇਸ਼ਾਂ ਨਾਲ ਭਾਰਤ-ਜਾਪਾਨ ਫੰਡ ਦੀ ਸਫਲਤਾ ਨੂੰ ਉਜਾਗਰ ਕੀਤਾ ਅਤੇ ਇੱਕ ਫਾਲੋ-ਆਨ ਫੰਡ ਦੀ ਉਮੀਦ ਪ੍ਰਗਟ ਕੀਤੀ, ਮੰਤਰਾਲੇ ਨੇ ਕਿਹਾ। ਉਨ੍ਹਾਂ ਨੇ ਰਾਸ਼ਟਰੀ ਉਦਯੋਗਿਕ ਕੋਰੀਡੋਰ ਵਿਕਾਸ ਨਿਗਮ (ਐਨਆਈਸੀਡੀਸੀ) ਵਿੱਚ ਜੇਬੀਆਈਸੀ ਦੀ ਹਿੱਸੇਦਾਰੀ ਅਤੇ ਸੈਮੀਕੰਡਕਟਰਾਂ ਵਿੱਚ ਵਧਦੀ ਜਾਪਾਨੀ ਦਿਲਚਸਪੀ ਦਾ ਜ਼ਿਕਰ ਕੀਤਾ, ਜਿਸ ਵਿੱਚ ਧੋਲੇਰਾ ਵਿੱਚ ਮੌਕੇ, ਅਤੇ ਏਆਈ ਅਤੇ ਡੇਟਾ ਸੈਂਟਰ ਸ਼ਾਮਲ ਹਨ। ਇਸ ਤੋਂ ਇਲਾਵਾ, ਵਿੱਤ ਮੰਤਰੀ ਸੀਤਾਰਮਨ ਨੇ ਸੰਤੁਲਿਤ ਸ਼ਹਿਰੀ ਵਿਕਾਸ ਨੂੰ ਹੁਲਾਰਾ ਦੇਣ ਲਈ ਵਿਸ਼ਾਖਾਪਟਨਮ ਵਰਗੇ ‘ਟੀਅਰ 2’ ਅਤੇ ‘ਟੀਅਰ 3’ ਸ਼ਹਿਰਾਂ ਵਿੱਚ ਡਾਟਾ ਸੈਂਟਰਾਂ ਲਈ ਜਾਪਾਨੀ ਨਿਵੇਸ਼ ਨੂੰ ਉਤਸ਼ਾਹਿਤ ਕੀਤਾ। ਦੋਵਾਂ ਧਿਰਾਂ ਨੇ ਭਾਰਤ-ਜਾਪਾਨ ਆਰਥਿਕ ਅਤੇ ਵਿੱਤੀ ਸਹਿਯੋਗ ਨੂੰ ਹੋਰ ਡੂੰਘਾ ਕਰਨ ਅਤੇ ਇੱਕ-ਦੂਜੇ ਦੇ ਤਜ਼ਰਬਿਆਂ ਤੋਂ ਸਿੱਖਣ ਦੀਆਂ ਸੰਭਾਵਨਾਵਾਂ ‘ਤੇ ਚਰਚਾ ਕੀਤੀ। ਇਸ ਤੋਂ ਪਹਿਲਾਂ ਦਿਨ ਵਿੱਚ, ਵਿਸ਼ਵ ਬੈਂਕ-ਆਈ.ਐੱਮ.ਐੱਫ. ਦੀਆਂ ਸਾਲਾਨਾ ਮੀਟਿੰਗਾਂ ਦੇ ਨਾਲ-ਨਾਲ, ਵਿੱਤ ਮੰਤਰੀ ਸੀਤਾਰਮਨ ਨੇ “ਸ਼ਹਿਰਾਂ ਨੂੰ ਨਿਵੇਸ਼-ਯੋਗ ਬਣਾਉਣ ਲਈ ਮਿਲ ਕੇ ਕੰਮ ਕਰਨਾ ਸ਼ਹਿਰੀ ਅਤੇ ਜਲ ਬੁਨਿਆਦੀ ਢਾਂਚੇ ਲਈ ਨਿੱਜੀ ਪੂੰਜੀ ਜੁਟਾਉਣਾ” ਵਿਸ਼ੇ ‘ਤੇ ਭਾਰਤ ਦੇ ਅਭਿਲਾਸ਼ੀ ਸ਼ਹਿਰੀ ਵਿਕਾਸ ਪ੍ਰੋਗਰਾਮਾਂ ਬਾਰੇ ਮੁੱਖ ਭਾਸ਼ਣ ਦਿੱਤਾ। ‘ਐਟਲਾਂਟਿਕ ਕੌਂਸਲ’ ਨਾਲ ਗੱਲਬਾਤ ਦੌਰਾਨ, ਵਿੱਤ ਮੰਤਰੀ ਨੇ ਕਿਹਾ ਕਿ ਮੱਧ-ਆਮਦਨ ਵਰਗ ਵਾਲੇ ਦੇਸ਼ ਅਚਾਨਕ ‘ਭੁਗਤਾਨ ਸੰਤੁਲਨ’ ਦੇ ਗੰਭੀਰ ਸੰਕਟ ਵਿੱਚ ਫਸ ਰਹੇ ਹਨ ਅਤੇ ਉਨ੍ਹਾਂ ਨੂੰ ਆਈ.ਐੱਮ.ਐੱਫ. ਦੀ ਮਦਦ ਦੀ ਲੋੜ ਹੈ। ਉਨ੍ਹਾਂ ਕਿਹਾ, “ਇਸ ਦਾ ਹੁੰਗਾਰਾ ਕਈ ਸਾਲਾਂ ਬਾਅਦ ਨਹੀਂ ਮਿਲਣਾ ਚਾਹੀਦਾ। ਇਹ ਦੇਸ਼ ਮਦਦ ਲਈ ਬਹੁਤ ਬੇਚੈਨੀ ਨਾਲ ਤੁਹਾਡੇ ਕੋਲ ਆਉਂਦੇ ਹਨ, ਪਰ ਲਗਭਗ ਤਿੰਨ-ਚਾਰ ਸਾਲਾਂ ਤੱਕ ਕੋਈ ਹੱਲ ਨਹੀਂ ਦਿੱਤਾ ਜਾਂਦਾ।” ਉਨ੍ਹਾਂ ਅੱਗੇ ਕਿਹਾ, “ਹੁਣ ਅਜਿਹੀਆਂ ਚੀਜ਼ਾਂ ਨੂੰ ਸੁਧਾਰਿਆ ਜਾ ਰਿਹਾ ਹੈ।”

47TH ANNUAL MAHAN NAGAR KIRTAN

Dedicated to Guru Granth Sahib's Gurgaddi Divas



Waheguru Ji Ka Khalsa Shri Waheguru ji Ki Fateh

Dedicated to the Gurgaddi Divas of Juggo Jug Atal Dhan Dhan Sahib Sri Guru Granth Sahib Ji the sacred occasion of "Guru Maneyo Granth" is being celebrated with great devotion and enthusiasm with the support of the Sangat.

Sikh Temple Gurdwara Sahib Yuba City's 47th Annual Mahan Nagar Kirtan and Gurmati Samagam is going to be held on Sunday, November 1, 2026 with great devotion and enthusiasm with the support of the Sangat.

The series of Sri Akhand Path Sahib Ji started from September 4, 2026 which will end with Nagar Kirtan on November 1, 2026

Arriving Ragi Jathe and Preachers

Kirtani Jathe
- BHAI KAMALJIT SINGH JI, HAZURI RAGI, SRI DARBAR SAHIB
- BHAI MANINDER SINGH JI, SRINAGAR WALE

Kathavachak
- BHAI GURDEEP SINGH KAPURTHALA WALE

Dhadi
- BHAI SUKHWINDER SINGH ANMOL JI AND JATHA

Special Kirtan Event

Will be Held from
19TH October, 2026 (Monday)
from 6:00pm to 10:00pm Daily.

Apart from this, many other Raggi and Dhaadi and Kirtani groups will delight the Guru's followers with KIRTAN & katha thoughts.

CHILDREN'S SPECIAL KIRTAN DARBAR
On 10th October 2026 (SATURDAY) from 6:30pm to 9:30pm

SPECIAL DHADI DIWAN & MARTYRDOM DIWAS
On 24th October 2026 (SATURDAY) from 6:30 pm to 10:00 pm

RIAAN SABAI KIRTAN
On 31st October 2026 (SATURDAY) from 6 pm to 1:00 am in which famous Kirtanis will mesmerize the Discaples with thier hymes.

FIREWORKS
On 30st October 2026 (Friday) Display at 8:00 pm

BHAI MEHAL SINGH JI DA KAVISHARI JATHA
12 October, Monday to 17 October, Saturday Time: 8:00 PM to 9:30 PM
18 October, Sunday, Time: 12:00 PM to 1:30 PM

DASTAR COMPETITION
31st October, Saturday Time: 11:00 AM

AMRIT SANCHAR
On 31st October 2026 (SATURDAY) at 5:00 am

SEWA OF NISHAN SAHIB
On 31st October 2026 (SATURDAY) at 8:00 am

SEMINAR
31st October, Saturday Time: 2:00 PM to 4:00 PM

BHOG & KIRTAN CEREMONY
On 1st November 2026 (SUNDAY) at 7:30 Morning Sri Akhand Path Sahib ji Will be Worshipped after which The Kirtan Ceremony will begin

NAGAR KIRTAN
Will be held On 1st November 2026 (SUNDAY) under the Auspice of Shri Guru Granth Sahib ji starting at 9:00am and will end up at 4:00pm after reaching Gurudwara Sahib

REQUEST All Guru Nanak Naam Sangat are requested to leave all their work and attend Nagar Kirtan and Attain the Happiness of the Guru Ji

The route of Nagar Kirtan will be the Same as last year, Parking of Vehicles will be done only at the Designated place Free buses will be arranged from River Valley High School to Guru Ghar from 08:00 am to 06:30 pm Special Arrangements have been made for security and the shop market will be held at the same Place a last year.

Requester: Gurudwara Sahib Management Committee Contact for More Information

Bhai Ranjit Singh Ji (Head Granthi Yuba City) (530) 673-9918, (530) 799-6989,
Chairman S: Dilbagh Singh Ji Bains (530) 682-9316, President: Sarabjit Singh ji Thiara (530) 682-5861,
Secretary: Tejinder Singh Ji Dosanjh (530) 751-6322, Treasurer: Harnek Singh (530) 682-8094

Serving Californians since 1999

Global Green®
INSURANCE AGENCY
Lic #oF34231

Mann Insurance Brokers Inc.
dba Global Green Insurance Agency of the Bay Area

AUTO, HOME, BUSINESS, LIFE

510-487-1000

WWW.GGIABA.COM

COVERED CALIFORNIA

Certified INSURANCE AGENT

Free Confidential Help

Call : Gurcharan Singh Mann
CA License

Medicare

Licensed Insurance Agent
CA Lic # 0C70672

CALL TO ENROL

510-557-0061

Buying OR Selling Real Estate Let US HELP

MANN
Real Estate Services

BAY AREA, TRACY, LATHROP, ELK GROVE, ROSEVILLE, ROCKLIN, MOUNTAIN HOUSE

510-557-0061

Find your home on our website

www.mannres.com



Gurcharan Singh Mann
DRE#02321006

ਯੂ-22 ਸਿੰਘਾਂ ਦੇ ਵਿਅਕਤੀਗਤ ਸਿੰਗਲ ਸੋਟੀ ਮੁਕਾਬਲਿਆਂ ਵਿੱਚ ਮਨਦੀਪ ਸਿੰਘ ਬਣਿਆ ਚੈਂਪੀਅਨ ਅਤੇ ਬੀਬੀਆਂ ਵਿੱਚੋਂ ਜਸਜੋਤ ਕੌਰ ਨੇ ਜਿੱਤ ਆਪਣੇ ਨਾਂ ਦਰਜ ਕਰਾਈ

ਨਿਊਯਾਰਕ
ਸਾਂਝੀ ਸੋਚ ਬਿਊਰੋ

ਗੱਤਕਾ ਖੇਡ ਨੂੰ ਅਮਰੀਕਾ ਵਿੱਚ ਪ੍ਰਫੁਲਿੱਤ ਕਰ ਰਹੀ ਗੱਤਕਾ ਖੇਡ ਦੀ ਨੈਸ਼ਨਲ ਜੱਥੇਬਦੀ ਗੱਤਕਾ ਫੈਡਰੇਸ਼ਨ ਯੂ.ਐਸ.ਏ. ਵਲੋਂ ਅਮਰੀਕਾ ਵਿੱਚ ਚੌਥੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐਸ.ਏ. ਖਾਲਸਾਈ ਜਾਹੋ-ਜਲਾਲ ਨਾਲ "ਦਿ ਸਿੱਖ ਸੈਂਟਰ ਆਫ ਨਿਊਯਾਰਕ ਇੰਕ", 222-28-95 ਅਵੈਨਿਊ, ਕੁਇਨਜ ਵਿਲੇਜ ਨਿਊਯਾਰਕ ਦੇ ਉਚੇਚੇ ਸਹਿਯੋਗ ਨਾਲ ਕਰਵਾਈ ਗਈ।

ਚੈਂਪੀਅਨਸ਼ਿਪ ਵਿੱਚ ਕੌਰ ਅਤੇ ਸਿੰਘਾਂ ਦੀ ਵੱਖ -ਵੱਖ ਉਮਰ ਵਰਗ ਵਿੱਚ ਸੈ'ਕੜੇ ਖਿਡਾਰੀਆ ਨੇ ਭਾਰ ਲਿਆ। ਜਿਕਰਯੋਗ ਹੈ ਕਿ ਅਮਰੀਕਾ ਵਿੱਚ ਗੱਤਕਾ ਫੈਡਰੇਸ਼ਨ ਯੂ.ਐਸ.ਏ ਪਿਛਲੇ ਕਾਫੀ ਸਾਲਾਂ ਤੋਂ ਪੱਬਾਂ ਭਾਰ ਹੋ ਕੇ ਵੱਖ ਵੱਖ ਰਾਜਾਂ ਵਿੱਚ ਗੱਤਕਾ ਖੇਡ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਚਾਰਾਜੋਈ ਕਰ ਰਹੀ ਹੈ।

ਚੋਥੀ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ ਯੂ.ਐਸ.ਏ. ਵਿੱਚ ਜੇਤੂ ਟੀਮਾਂ ਤੇ ਖਿਡਾਰੀਆਂ ਅਤੇ ਸਮੂਹ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਪ੍ਰਬੰਧਕਾਂ ਵਲੋਂ ਉਚੇਚੀ ਵਧਾਈ ਦਿੱਤੀ ਗਈ। ਵਿਸਤਾਰ ਵਿੱਚ ਗੱਲ ਕਰਦਿਆਂ ਗੱਤਕਾ ਫੈਡਰੇਸ਼ਨ ਯੂ.ਐਸ.ਏ. ਦੇ ਪ੍ਰਧਾਨ ਅਤੇ ਵਿਸ਼ਵ ਗੱਤਕਾ ਫੇਡਰੇਸ਼ਨ ਦੇ ਚੇਅਰਮੈਨ ਕਲਵਿੰਦਰ ਸਿੰਘ ਫਰੀਜਨੋ ਅਤੇ ਡਾ. ਦੀਪ ਸਿੰਘ ਜਨਰਲ ਸਕੱਤਰ ਵਿਸ਼ਵ ਗੱਤਕਾ ਫੇਡਰੇਸ਼ਨ ਵਲੋਂ ਸਾਂਝੇ ਤੋਰ ਤੇ ਜਾਣਕਾਰੀ ਦਿੰਦਿਆ ਆਖਿਆ ਹੈ ਕਿ ਇਸ ਸਾਲ ਦੇ ਨੈਸ਼ਨਲ ਗੱਤਕਾ ਮੁਕਾਬਲੇ ਇਸ ਕਰਕੇ ਵੀ ਖਾਸ ਨੇ ਕਿਉਂਕਿ ਇਸ ਸਾਲ ਬੀਬੀਆਂ ਦੀ ਸਮੂਲੀਅਤ ਪਿਛਲੇ ਸਾਲ ਨਾਲੋਂ ਕਿਤੇ ਜਿਆਦਾ ਸੀ।

ਸਿੰਗਲ ਸੋਟੀ ਸਿੰਘਾਂ ਦੇ 22 ਸਾਲ ਵਰਗ ਗਹਿਗਚ ਮੁਕਾਬਲਿਆਂ ਦੌਰਾਨ ਮਨਦੀਪ ਸਿੰਘ ਸਿੰਘ ਨਿਉਯਾਰਕ ਨੇ ਪਹਿਲੇ, ਦੂਜੇ ਗੁਰਪ੍ਰੀਤ ਸਿੰਘ ਬਾਬਾ ਦੀਪ ਸਿੰਘ ਗੱਤਕਾ ਅਖਾੜਾ ਤੇ ਸੁਪ੍ਰੀਤ ਸਿੰਘ-ਗੱਤਕਾ ਅਖਾੜਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਲੋਂ ਖੇਡਦਿਆਂ ਜਿੱਤ ਦਰਜ ਕਰਵਾਈ ਗਈ।

ਬੀਬੀਆਂ ਦੇ 22 ਸਾਲ ਵਰਗ ਦੇ ਸਿੰਗਲ ਸੋਟੀ ਦੇ ਮੁਕਾਬਲਿਆ ਦੌਰਾਨ ਜਸਜੋਤ ਕੌਰ ਨਿਉਯਾਰਕ ਗੱਤਕਾ ਐਸੋਸੀਏਸ਼ਨ ਨੇ ਪਹਿਲੇ, ਅੰਸ਼ਜੋਤ ਕੌਰ ਨਿਉਯਾਰਕ ਗੱਤਕਾ ਐਸੋਸੀਏਸ਼ਨ ਨੇ ਦੂਜੇ ਤੇ ਸਿਮਰਨ ਕੌਰ ਨਿਉਯਾਰਕ ਨੇ ਤੀਜੇ ਸਥਾਨ ਲਈ ਆਪਣੀ ਜਗ੍ਹਾਂ ਬਣਾਈ।

ਉਮਰ ਵਰਗ 18 ਸਾਲ ਸਿੰਘਾਂ ਦੇ ਮੁਕਾਬਲਿਆਂ ਦੌਰਾਨ ਪਹਿਲਾ ਸਥਾਨ ਗੁਰਨਮਨ ਸਿੰਘ ਪੈਨਸਲਵੇਨੀਆ ਗੱਤਕਾ ਐਸੋਸੀਏਸ਼ਨ, ਦੂਜਾ ਸਥਾਨ ਮਨਪ੍ਰੀਤ ਸਿੰਘ ਅਕਾਲ ਗੱਤਕਾ ਗੁਰਮਤਿ ਗਰੁੱਪ, ਨਿਉਯਾਰਕ,ਅਤੇ ਨਵਜੋਤ ਸਿੰਘ- ਨਿਉਯਾਰਕ ਨੇ ਤੀਜੇ ਸਥਾਨ ਲਈ ਆਪਣੀ ਜਿੱਤ ਦਰਜ ਕਰਵਾਈ।

ਉਮਰ ਵਰਗ 18 ਸਾਲ ਬੀਬੀਆਂ ਦੇ ਮੁਕਾਬਲਿਆਂ ਦੌਰਾਨ ਪਹਿਲਾ ਸਥਾਨ ਬੀਬੀ ਸੋਨਮਪ੍ਰੀਤ ਕੌਰ -ਗੁਰੂ ਹਰਗੋਬਿੰਦ ਸਾਹਿਬ ਗੱਤਕਾ ਅਖਾੜਾ,ਦੂਜਾ ਸਥਾਨ ਬੀਬੀ ਸੀਰਤ ਕੌਰ ਪੈਨਸਲਵੇਨੀਆ ਗੱਤਕਾ ਐਸੋਸੀਏਸ਼ਨ ਅਤੇ ਹਰਨਿੱਧ ਕੌਰ ਨਿਉਯਾਰਕ ਨੇ ਵਧੀਆਂ ਪ੍ਰਦਰਸ਼ਨ ਕਰਦਿਆਂ ਜਿੱਤ ਹਾਸਿਲ ਕੀਤੀ।

ਉਮਰ ਵਰਗ 14 ਸਾਲ ਬੀਬੀਆਂ ਦੇ ਗੱਤਕਾ ਪ੍ਰਦਰਸ਼ਨੀ ਮੁਕਾਬਲਿਆਂ ਵਿੱਚ ਬਹੁਤ ਹੀ ਵਧੀਆ ਪ੍ਰਦਰਸ਼ਨ ਕਰਦਿਆਂ ਜੱਥੇ ਸੀਰਤ ਕੌਰ ਨਿਉਯਾਰਕ, ਤੀਜਾ ਸਥਾਨ ਹਾਸਿਲ ਕੀਤਾ ਉੱਥੇ ਹੀ ਸਿੰਘਾਂ ਦੇ ਮੁਕਾਬਲੇ ਵਿੱਚ, ਪੂਨੀਤ ਸਿੰਘ, ਹਰਜਸ ਸਿੰਘ ਬੋਸਟਨ ਦੋਵੇਂ ਗੱਤਕਾ ਅਖਾੜਾ-ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਤੀਜੇ ਸਥਾਨ ਲਈ ਹਰਜਸ ਸਿੰਘ ਬਨਵੈਤ ਬਾਸਟਨ ਨੇ ਆਪਣੀ ਜਗ੍ਹਾ ਬਣਾਈ।

ਜੱਜਮੈਂਟ ਅਤੇ ਰੈਫਰੀ ਕੌਸ਼ਲ ਦੀ ਅਗਵਾਈ ਲਵਪ੍ਰੀਤ ਸਿੰਘ "ਅਮਨ" ਸਾਸਕਾਟੂਨ, ਕਰਨਵੀਰ ਸਿੰਘ ਮਾਲਟਨ ਦੋਵੇਂ ਕਨੈਡਾ, ਬੀਬਾ ਜਸਪ੍ਰੀਤ ਕੌਰ, ਹਰਭਜਨ ਸਿੰਘ ਨਾਰਥ ਕੈਰੋਲੀਨਾ, ਕਰਨਸ਼ੇਰ ਸਿੰਘ ਪੈਨਸਲਵੇਨੀਆ, ਸੁਜਾਨ ਸਿੰਘ ਬੁੱਢਾ ਦਲ ਨਿਉਯਾਰਕ ਸੀਨੀਅਰ ਰੈਫਰੀ, ਜਸਕੀਰਤ ਸਿੰਘ ਕੋਚ, ਭਾਈ ਗਗਨਦੀਪ ਸਿੰਘ ਅਖੰਡ ਕੀਰਤਨੀ ਜੱਥਾ ਅਤੇ ਟ੍ਰਸਟੀ ਸਿੱਖ ਕਲਚਰਲ ਸੋਸਾਇਟੀ, ਨਿਉਯਾਰਕ, ਭਾਈ ਦਲਬੀਰ ਸਿੰਘ ਅਖੰਡ ਕੀਰਤਨੀ ਜੱਥਾ, ਕਬੀਰ ਸਿੰਘ ਅਤੇ ਮਨਦੀਪ ਸਿੰਘ ਨਿਉਜਰਸੀ, ਭਾਈ ਜੁਗਜੀਤ ਸਿੰਘ ਅਤੇ ਸਰਬਜੀਤ ਸਿੰਘ ਦਮਦਮੀ ਟਕਸਾਲ, ਜਸਵੇਦ ਸਿੰਘ ਕੋਚ ਨਿਉਯਾਰਕ, ਗੁਰਪ੍ਰੀਤ ਸਿੰਘ, ਬਲਜਿੰਦਰ ਸਿੰਘ ਸਤਿੰਦਰਪਾਲ ਸਿੰਘ ਅਤੇ ਨਿਹੰਗ ਹਰਿੰਦਰ ਸਿੰਘ ਤੇ ਪ੍ਰਭਦੀਪ ਸਿੰਘ ਆਦਿ ਵਲੋਂ ਕੀਤੀ ਗਈ।

ਸਿੰਘ ਕੈਟਾਗਰੀ ਵਿੱਚ ਅਨਾਹਦ ਸਿੰਘ ਕੈਨਸਸ ਨੂੰ ਅਤੇ ਕੌਰਜ ਕੈਟਾਗਰੀ ਵਿੱਚ ਗੁਰਨੂਰ ਕੌਰ ਨਾਰਥ ਕੈਰੋਲੀਨਾ ਨੂੰ ਫੇਅਰ ਪਲੇ ਐਵਾਰਡ ਅਤੇ ਨਾਰਥ ਕੈਰੋਲੀਨਾ ਦੀ ਸਮੁੱਚੀ ਟੀਮ ਨੂੰ ਫੇਅਰ ਪਲੇ ਟੀਮ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਬੈਸਟ ਇਮਰਜਿੰਗ ਖਿਡਾਰੀ ਵਜੋਂ ਉਮਰ ਵਰਗ ਅਮਡਰ 22 ਵਿੱਚ ਮਨਜੋਤ ਸਿੰਘ ਅਤੇ ਅਚਰਜ ਕੌਰ ਨਾਰਥ ਕੈਰੋਲੀਨਾ ਨੇ ਐਵਾਰਡ ਪ੍ਰਾਪਤ ਕੀਤਾ।

ਬੈਸਟ ਟੀਮ ਐਵਾਰਡ ਗੱਤਕਾ ਅਖਾੜਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਐਮਰਜਿੰਗ ਟੀਮ ਐਵਾਰਡ ਗੁਰੂ ਹਰਗੋਬਿੰਦ ਸਾਹਿਬ ਗੱਤਕਾ ਅਖਾੜਾ ਬਾਸਟਨ, ਐਮ.ਏ. ਅਤੇ ਐਮ.ਵੀ.ਪੀ. ਟੀਮ ਐਵਾਰਡ ਕਲਗੀਧਰ ਗੱਤਕਾ ਅਖਾੜਾ ਪਲੇਨਵਿਉ ਨੇ ਪ੍ਰਾਪਤ ਕੀਤਾ। ਜੇਤੂ ਟੀਮਾਂ ਅਤੇ ਖਿਡਾਰੀਆਂ ਨੂੰ ਦੇ ਇਨਾਮ ਵੰਡ ਪ੍ਰੋਗਰਾਮ ਦੋਰਾਨ ਕਲਵਿੰਦਰ ਸਿੰਘ ਕੈਲੀਫੋਰਨੀਆ, ਜੱਥੇਦਾਰ ਭਗਤ ਸਿੰਘ ਪੈਨਸਲਵੇਨੀਆ ਡੇਕਵਾਲਾ, ਭਾਈ ਹਿੰਮਤ ਸਿੰਘ ਕੁਆਰਡੀਨੇਟਰ ਵਰਲਡ ਸਿੰਘ ਪਾਰਲੀਮੈਂਟ, ਡਾ. ਅਵਤਾਰ ਸਿੰਘ ਟੀਨਾ ਅਤੇ ਸਤਿਨਾਮ ਸਿੰਘ ਪਰਹਾਰ, ਡਾ. ਸੁਨੀਲ ਕਨਵਰ ਸਿੰਘ ਪੈਨਸਲਵੇਨੀਆ ਡਾ. ਹਰਪ੍ਰੀਤ ਕੋਰ ਕੁਮੈਂਟੇਟਰ, ਮੋਨੀਦਰ ਸਿੰਘ ਡਾਇਰੈਕਟਰ ਯੁਨਾਈਟਿਡ ਸਿੱਖ, ਬੀਬਾ ਸਰਬਜੀਤ ਕੌਰ ਵੈਸਚੈਸਟਰ ਕਾਂਉਟੀ,ਭਾਈ ਰਜਿੰਦਰ ਸਿੰਘ ਵਲੋਂ ਬਾਬਾ ਬੰਦਾ ਸਿੰਘ ਬਹਾਦਰ ਸੋਸਾਇਟੀ, ਪ੍ਰਿਤਪਾਲ ਸਿੰਘ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਭਾਈ ਦਲੇਰ ਸਿੰਘ ਗੁਰਦਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੰਘ ਸੈਂਟਰ, ਭਾਈ ਹਿਰਦੈਪਾਲ ਸਿੰਘ ਇਲੈਕਸ਼ਨ ਕਮੀਸ਼ਨਗਰ, ਤੇ ਗੁਰਤੇਜ ਸਿੰਘ ਧੰਜੂ ਲੰਗਰ ਇੰਚਾਰਜ, ਸਿੱਖ ਕਲਚਰਲ ਸੋਸਾਇਟੀ ਰਿਚਮੰਡ ਹਿੱਲ, ਹਰਮਿੰਦਰ ਸਿੰਘ ਆਹਲੂਵਾਲੀਆ ਵਲੋਂ-ਵਰਲਡ ਸਿੱਖ ਪਾਰਲੀਮੈਂਟ, ਬਲਵਿੰਦਰ ਸਿੰਘ ਸਾਬਕਾ ਪ੍ਰਧਾਨ ਤੇ ਜਿੰਦਰ ਸਿੰਘ ਮੁੱਖ ਸੇਵਾਦਾਰ ਤੇ ਸੈਕਟਰੀ ਮੱਖਣ ਸਿੰਘ ਵਲੋਂ ਗੁਰਦੁਆਰਾ ਦਿ ਸਿੱਖ ਸੈਂਟਰ ਫਲਸਿੰਗ ਅਤੇ ਸਮੂਹ ਮੈਂਬਰਾਨ, ਭਾਈ (ਡਾ.) ਬਲਵਿੰਦਰ ਸਿੰਘ ਹੈਡ ਗ੍ਰੰਥੀ ਤੇ ਗੁਰਮੇਲ ਸਿੰਘ ਸੈਕਟਰੀ, ਚਰਨਜੀਤ ਸਿੰਘ ਸਮਰਾ ਅਤੇ ਸਮੂਹ ਪ੍ਰੰਬਧਕ ਕਮੇਟੀ ਦਿ ਸਿੱਖ ਸੈਂਟਰ ਆਫ ਨਿਉਯਾਰਕ, ਸੁਰਜੀਤ ਸਿੰਘ ਕਲਹਾਰ-ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅ), ਗੁਰਦੀਪ ਸਿੰਘ ਭੱਟੀ ਚੈਅਰਮੈਨ ਬਾਬਾ ਨਿਧਾਨ ਸਿੰਘ ਸੇਵਾ ਸੋਸਾਇਟੀ ਨਿਉਯਾਰਕ,ਸਮਰਾਟ ਸਿੰਘ ਗੁਲਾਟੀ ਵਲੋਂ ਗੁਰਦੁਆਰਾ ਗੁਰੂ ਨਾਨਕ ਗੁਰੂ ਦੁਆਰਾ ਲੌਂਗ ਆਇਰਲੈਂਡ ਹਿੱਕਸਵਿਲ, ਡਾ.ਮਰੀਅਮ ਬੇਗਮ ਤੇ ਅਮਨਦੀਪ ਸਿੰਘ ਦੋਵੇਂ ਦੇਸੀ ਸੋਸਾਇਟੀ ਐਨ.ਵਾਈ.ਪੀ.ਡੀ ਤੇ ਸਮੂਹ ਨੇ ਜੇਤੂ ਖਿਡਾਰੀਆਂ ਨੂੰ ਇਨਾਮ ਵੰਡੇ ਤੇ ਸਾਰੇ ਖਿਡਾਰੀਆਂ ਨੂੰ ਵਧਾਈ ਵੀ ਦਿੱਤੀ ਗਈ।

















ਪੁਸਤਕ ਰੀਵਿਊ

ਰੋਮਾਂਚ, ਸਨਸਨੀ, ਰਹੱਸ ਤੇ ਕਤਲ ਦੀ ਅਨੂਠੀ ਗਾਥਾ: ਗੁੰਮਨਾਮ ਹੈ ਕੋਈ



ਸਾਂਝੀ ਸੋਚ
ਪ੍ਰੋ.ਨਵ ਸੰਗੀਤ ਸਿੰਘ
ਪੋਸਟਗ੍ਰੈਜੂਏਟ ਪੰਜਾਬੀ ਵਿਭਾਗ,
ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ
94176-92015.

ਅਗਾਥਾ ਕ੍ਰਿਸਟੀ (1890-1976) ਅੰਗਰੇਜ਼ੀ ਵਿੱਚ ਸਸਪੈਂਸ, ਥ੍ਰਿਲ, ਮਰਡਰ ਤੇ ਮਿਸਟਰੀ ਵਿੱਚ ਉਲੇਖਯੋਗ ਨਾਂ ਹੈ। ਉਹਨੂੰ 'ਕੁਈਨ ਆਫ਼ ਸਸਪੈਂਸ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਉਹਦੀਆਂ ਰਚਨਾਵਾਂ ਚਾਰ ਪੀੜ੍ਹੀਆਂ ਤੋਂ ਪੜ੍ਹੀਆਂ ਜਾ ਰਹੀਆਂ ਹਨ। ਅਗਾਥਾ ਮੈਰੀ ਕਲੈਰਿਸਾ ਮਿਲਰ ਨਾਂ ਦੀ ਇਹ ਲੇਖਕਾ ਵਿਆਹ ਪਿੱਛੋਂ ਅਗਾਥਾ ਕ੍ਰਿਸਟੀ ਬਣ ਗਈ ਤੇ ਇਸੇ ਨਾਂ ਨਾਲ ਦੁਨੀਆਂ-ਭਰ ਵਿੱਚ ਮਸ਼ਹੂਰ ਹੋਈ। 66 ਨਾਵਲਾਂ ਤੇ 14 ਕਹਾਣੀ-ਸੰਗ੍ਰਹਿਆਂ ਦੀ ਇਸ ਲੇਖਕਾ ਨੇ 1920 ਤੋਂ ਲਿਖਣਾ ਸ਼ੁਰੂ ਕੀਤਾ ਤੇ ਜੀਵਨ ਦੇ ਅੰਤ ਤੱਕ ਲਿਖਦੀ ਰਹੀ। 'ਗੁੰਮਨਾਮ ਹੈ ਕੋਈ' (ਸੰਗਮ ਪਬਲੀਕੇਸ਼ਨਜ਼ ਸਮਾਣਾ, ਪੰਨੇ 144, ਮੁੱਲ 250/- ਰੁਪਏ) ਅਗਾਥਾ ਦੇ ਨਾਵਲ 'ਐਂਡ ਦੈੱਨ ਦੇਅਰ ਵਰ ਨਨ' ਦਾ ਪੰਜਾਬੀ ਅਨੁਵਾਦ ਹੈ, ਜਿਸਨੂੰ ਬਲਦੇਵ ਸਿੰਘ ਭਾਕਰ ਨੇ ਬੜੀ ਦਿਲਚਸਪ ਸ਼ੈਲੀ ਵਿੱਚ ਅਨੁਵਾਦ ਕੀਤਾ ਹੈ। ਬਲਦੇਵ ਸਿੰਘ ਭਾਕਰ ਨੇ ਇਸਤੋਂ ਪਹਿਲਾਂ ਦੋ ਮੌਲਿਕ ਜਾਸੂਸੀ ਨਾਵਲ ('ਜੱਗਾ ਜਾਸੂਸ ਤੇ ਚੌਥਾ ਕਤਲ' ਅਤੇ 'ਖ਼ੂਨੀ ਕਿਲ੍ਹਾ') ਅਤੇ ਇੱਕ ਅਨੁਵਾਦਿਤ ਨਾਵਲ (ਆਰਥਰ ਕਾਨਨ ਡਾਇਲ ਦਾ 'ਲੀਜੇਂਡ ਆਫ਼ ਸ਼ਰਲਾਕ ਹੋਮਜ਼') ਦੀ ਰਚਨਾ ਕਰਕੇ ਜਾਸੂਸੀ ਨਾਵਲ ਪਰੰਪਰਾ ਵਿੱਚ ਆਪਣੀਆਂ ਵਿਸ਼ੇਸ਼ ਪੈੜਾਂ ਪਾਈਆਂ ਹਨ। ਉਸਦੇ ਨਾਵਲ 'ਖ਼ੂਨੀ ਕਿਲ੍ਹਾ' ਨੂੰ ਯੂਟਿਊਬ ਤੇ ਵੀ ਸੁਣਿਆ ਜਾ ਸਕਦਾ ਹੈ। ਰੀਵਿਊ ਅਧੀਨ ਨਾਵਲ ਪਹਿਲਾਂ-ਪਹਿਲ 'ਟੈੱਨ ਲਿਟਲ ਨਿੱਗਰਜ਼' ਤੇ 'ਟੈੱਨ ਲਿਟਲ ਇੰਡੀਅਨਜ਼' ਦੇ ਨਾਂ ਹੇਠ ਛਪਿਆ ਸੀ। ਇਸ ਨਾਵਲ ਤੇ ਕਈ ਦੇਸ਼ਾਂ ਵਿੱਚ ਫ਼ਿਲਮਾਂ ਵੀ ਬਣੀਆਂ। 1965 ਵਿੱਚ ਐਨ ਐਨ ਸਿਪੀ ਤੇ ਰਾਜਾ ਨਵਾਬੇ ਨੇ ਇਸੇ ਕਹਾਣੀ ਤੇ ਆਧਾਰਿਤ ਫ਼ਿਲਮ 'ਗੁੰਮਨਾਮ' ਬਣਾਈ, ਜੋ ਖ਼ੂਬ ਸਲਾਹੀ ਗਈ ਸੀ।

ਨਾਵਲ ਦੀ ਕਥਾ ਕੁਝ ਇਸ ਪ੍ਰਕਾਰ ਹੈ: ਯੂ ਐਨ ਓਵਨ ਨਾਂ ਦੇ ਇੱਕ (ਸਨਕੀ) ਆਦਮੀ ਨੇ ਇੰਗਲੈਂਡ ਦੇ ਸਮੁੰਦਰੀ ਕੰਢੇ ਇੱਕ ਟਾਪੂ ਵਿੱਚ ਬਣੀ-ਬਣਾਈ ਬਿਲਡਿੰਗ ਖਰੀਦੀ ਤੇ ਉਹਨੇ 10 ਵਿਅਕਤੀਆਂ ਨੂੰ ਇੱਕ ਯੋਜਨਾਬੱਧ ਤਰੀਕੇ ਨਾਲ ਇਸ ਇਮਾਰਤ ਵਿੱਚ ਰਹਿਣ ਲਈ ਸੱਦਾ ਦਿੱਤਾ। ਇਹ ਵਿਅਕਤੀ ਅਜਿਹੇ ਸਨ ਜਿਨ੍ਹਾਂ ਨੇ ਜੀਵਨ ਵਿੱਚ ਕੋਈ ਨਾ ਕੋਈ ਅਪਰਾਧ ਕੀਤਾ ਸੀ ਪਰ ਕਾਨੂੰਨ ਉਨ੍ਹਾਂ ਨੂੰ ਸਜ਼ਾ ਨਹੀਂ ਦੇ ਸਕਿਆ ਸੀ। ਇਨ੍ਹਾਂ ਵਿੱਚ ਤਿੰਨ ਔਰਤਾਂ ਤੇ ਸੱਤ ਮਰਦ ਸ਼ਾਮਲ ਸਨ - ਹਾਰਲੇ ਸਟ੍ਰੀਟ ਦਾ ਡਾਕਟਰ ਐਡਵਰਡ ਜਾਰਜ ਆਰਮਸਟ੍ਰਾਂਗ, ਕੁਆਰੀ ਬੁੱਢੀ ਐਮਲੀ ਕੈਰੋਲਾਈਨ ਬਰਨੇਟ, ਸਾਬਕਾ ਪੁਲਿਸ ਇਨਸਪੈਕਟਰ ਤੇ ਜਾਸੂਸ ਵਿਲੀਅਮ ਹੈਨਰੀ ਬਲੂਰ, ਸਕੂਲ ਅਧਿਆਪਕਾ ਵੀਰਾ ਅਲਿਜ਼ਬੈਥ ਕਲੇਅਥਾਰਨ, ਅਫ਼ਰੀਕੀ ਸੈਲਾਨੀ ਫ਼ਿਲਿਪ ਲੋਬਾਰਡ, ਸੇਵਾਮੁਕਤ ਫ਼ੌਜੀ ਜੋਹਨ ਗਾਰਡਨ ਮੈਕਆਰਥਰ, ਮੋਟਰਬਾਜ਼ੀ ਦਾ ਸ਼ੁਕੀਨ ਐਨਥਨੀ ਜੋਮਜ਼ ਮਾਰਸਟਨ, ਰਸੋਈਆ ਤੇ ਸੇਵਾਦਾਰ ਟਾਮਸ ਰੋਜਰਜ਼, ਨੌਕਰਾਣੀ ਤੇ ਟਾਮਸ ਦੀ ਪਤਨੀ ਈਥਲ ਰੋਜਰਜ਼, ਸੇਵਾਮੁਕਤ ਜੱਜ ਲਾਰੈਂਸ ਜੌਹਨ ਵਾਰਗ੍ਰੀਵ।

ਇਨ੍ਹਾਂ ਸਾਰਿਆਂ ਨੂੰ ਵੱਖ ਵੱਖ ਲੋਕਾਂ ਵੱਲੋਂ ਚਿੱਠੀਆਂ ਭੇਜ ਕੇ ਟਾਪੂ ਤੇ ਸੱਦਿਆ ਗਿਆ ਸੀ ਤੇ ਨਾਲ ਹੀ ਕੁਝ ਰਕਮ ਵੀ ਭੇਜੀ ਗਈ ਸੀ। ਇਹ ਸਾਰੇ ਵਿਅਕਤੀ 8 ਅਗਸਤ ਨੂੰ ਐਕਸਪ੍ਰੈਸ ਟ੍ਰੇਨ ਅਤੇ ਪੈਸੰਜਰ ਟ੍ਰੇਨ ਰਾਹੀਂ ਓਕਬ੍ਰਿਜ ਸਟੇਸ਼ਨ ਤੇ ਪਹੁੰਚੇ ਤੇ ਉੱਥੋਂ ਟੈਕਸੀਆਂ ਰਾਹੀਂ ਅਫ਼ਰੀਕੀ ਟਾਪੂ ਤੱਕ ਪਹੁੰਚੇ। ਫਿਰ ਮੋਟਰਬੋਟ ਰਾਹੀਂ ਸਸਪੈਂਸ ਭਰੀ ਇਮਾਰਤ ਵਿੱਚ। ਇੱਥੇ ਸਭ ਨੂੰ ਰਹਿਣ ਲਈ ਅੱਡ ਅੱਡ ਕਮਰੇ ਦਿੱਤੇ ਗਏ ਤੇ ਖਾਣ-ਪੀਣ ਦੇ ਪ੍ਰਬੰਧ ਲਈ ਟੌਮਸ ਰੋਜਰਜ਼ ਤੇ ਉਹਦੀ ਪਤਨੀ ਈਥਲ ਨੇ ਸਭ ਦੀ ਸੇਵਾ ਕੀਤੀ। ਉੱਥੇ ਹਰ ਤਰ੍ਹਾਂ ਦੀਆਂ ਸੁਖ-ਸੁਵਿਧਾਵਾਂ ਮੌਜੂਦ ਸਨ - ਵਧੀਆ ਖਾਣਾ, ਵਧੀਆ ਸ਼ਰਾਬ, ਕੌਫ਼ੀ ਵਗੈਰਾ।

ਹਰ ਕਮਰੇ ਵਿੱਚ ਇੱਕ ਅੰਗਰੇਜ਼ੀ ਕਵਿਤਾ ਟੰਗੀ ਹੋਈ ਸੀ, ਜਿਸ ਵਿੱਚ 10 ਹਬਸ਼ੀ ਮੁੰਡਿਆਂ ਦਾ ਜ਼ਿਕਰ ਸੀ। ਨਾਲ ਹੀ ਇੱਕ ਕਮਰੇ ਵਿੱਚ ਚੀਨੀ ਮਿੱਟੀ ਦੀਆਂ ਬਣੀਆਂ 10 ਮੂਰਤੀਆਂ ਸਨ। ਇਸ ਕਵਿਤਾ ਅਤੇ ਮੂਰਤੀਆਂ ਦਾ ਇਸ ਕਹਾਣੀ ਨਾਲ ਖਾਸ ਸੰਬੰਧ ਹੈ। ਰਾਤੀਂ ਕੌਫ਼ੀ ਪੀਂਦਿਆਂ ਇੱਕ ਗ੍ਰਾਮੋਫ਼ੋਨ ਰਾਹੀਂ ਸਭ ਨੂੰ ਉਨ੍ਹਾਂ ਦੇ ਦੋਸ਼ ਸੁਣਾਏ ਗਏ। ਪਰ ਜਿਸ ਓਵਨ ਨਾਂ ਦੇ ਬੰਦੇ ਨੇ ਇਨ੍ਹਾਂ ਨਹੀਂ ਬੁਲਾਇਆ ਸੀ, ਉਹ ਉੱਥੇ ਮੌਜੂਦ ਨਹੀਂ ਸੀ।

ਹੌਲੀ ਹੌਲੀ ਉੱਥੇ ਅਜੀਬੋ-ਗਰੀਬ ਘਟਨਾਵਾਂ ਵਾਪਰਨ ਲੱਗੀਆਂ। ਬਾਹਰੀ ਮਾਹੌਲ ਵੀ ਭਿਆਨਕ, ਡਰਾਉਣਾ ਤੇ ਰਹੱਸਮਈ ਹੋ ਗਿਆ - ਬਿਜਲੀ ਦੀ ਲਿਸ਼ਕ, ਬੱਦਲਾਂ ਦੀ ਗੜਗੜਾਹਟ, ਤੇਜ਼ ਬਾਰਿਸ਼, ਝੱਖੜ ਤੇ ਤੂਫ਼ਾਨ। ਸਭ ਤੋਂ ਪਹਿਲਾਂ ਐਂਥਨੀ ਜੋਮਜ਼ ਮਾਰਸਟਨ ਦੀ ਸ਼ਰਾਬ ਪੀਣ ਨਾਲ ਮੌਤ ਹੋਈ। ਫਿਰ ਕੁਝ ਦਿਨਾਂ ਬਾਦ ਮਿਸਿਜ਼ ਰੋਜਰਜ਼ ਸੁੱਤੀ ਪਈ ਨਾ ਉੱਠੀ। ਜਨਰਲ ਮੈਕਆਰਥਰ ਦੇ ਸਿਰ ਵਿੱਚ ਭਾਰੀ ਸੱਟ ਵੱਜਣ ਨਾਲ ਮਰ ਗਿਆ। ਟਾਮਸ ਰੋਜਰਜ਼ ਦਾ ਕੁਹਾੜਾ ਮਾਰ ਕੇ ਕਤਲ ਕਰ ਦਿੱਤਾ ਗਿਆ। ਮਿਸਿਜ਼ ਬਰਨੇਟ ਨੂੰ ਜ਼ਹਿਰ ਦਾ ਟੀਕਾ ਲਾ ਕੇ ਸਦਾ ਦੀ ਨੀਂਦ ਸੁਆ ਦਿੱਤਾ। ਜੱਜ ਵਾਰਗ੍ਰੀਵ ਦੇ ਸਿਰ ਵਿੱਚ ਗੋਲ਼ੀ ਵੱਜੀ। ਆਰਮਸਟ੍ਰਾਂਗ ਪਾਣੀ ਵਿੱਚ ਡੁੱਬਣ ਨਾਲ਼ ਮਾਰਿਆ ਗਿਆ। ਬਲੂਰ ਦੇ ਸਿਰ ਵਿੱਚ ਕੋਈ ਡੂੰਘੀ ਚੀਜ਼ ਦਾ ਜ਼ਖ਼ਮ ਵੇਖਿਆ ਗਿਆ। ਲੋਬਾਰਡ ਨੂੰ ਵੀਰਾ ਨੇ ਉਸੇ ਦਾ ਪਿਸਤੌਲ ਖੋਹ ਕੇ ਗੋਲ਼ੀ ਨਾਲ ਉਡਾ ਦਿੱਤਾ। ਤੇ ਆਖ਼ਰਕਾਰ ਵੀਰਾ ਨੇ ਵੀ ਫਾਹਾ ਲੈ ਕੇ ਆਤਮਹੱਤਿਆ ਕਰ ਲਈ। ਇਉਂ ਇਹ ਸਾਰੇ ਵਿਅਕਤੀ ਉਸ ਜ਼ਜ਼ੀਰੇ ਵਿੱਚ ਭੇਦ-ਭਰੇ ਢੰਗ ਨਾਲ ਖਤਮ ਹੋ ਗਏ।


ਇਨ੍ਹਾਂ ਸਾਰਿਆਂ ਨੂੰ ਕਿਸਨੇ ਮਾਰਿਆ, ਇਹ ਭੇਤ ਬਣਿਆ ਹੀ ਰਹਿੰਦਾ, ਜੇਕਰ ਨਾਵਲ ਦੇ ਅੰਤ ਵਿੱਚ ਇੱਕ 'ਮੈਂ' ਨਾਂ ਦੇ ਪਾਤਰ ਨੇ ਪੂਰੇ ਘਟਨਾਕ੍ਰਮ ਨੂੰ ਵਿਸਤ੍ਰਿਤ ਬਿਆਨ ਰਾਹੀਂ ਨਾ ਦੱਸਿਆ ਹੁੰਦਾ! ਅਫ਼ਰੀਕੀ ਜ਼ਜ਼ੀਰੇ ਦੀ ਖ਼ੂਨੀ ਦਾਸਤਾਨ ਦਾ ਰਹੱਸ ਇਸ ਪਾਤਰ ਨੇ ਲਿਖ ਕੇ ਇੱਕ ਬੋਤਲ ਵਿੱਚ ਪਾ ਦਿੱਤਾ ਤੇ ਉਹਨੂੰ ਚੰਗੀ ਤਰ੍ਹਾਂ ਢੱਕਣ ਲਾ ਕੇ ਬੰਦ ਕਰਨ ਪਿੱਛੋਂ ਸਮੁੰਦਰ ਵਿੱਚ ਰੋੜ੍ਹ ਦਿੱਤਾ ਤੇ ਖੁਦ ਪਿਸਤੌਲ ਨਾਲ ਆਤਮਹੱਤਿਆ ਕਰ ਲਈ। ਜਿਵੇਂ ਜਿਵੇਂ ਇੱਕ-ਇੱਕ ਦਾ ਕਤਲ ਹੁੰਦਾ ਜਾਂਦਾ, ਇਹ ਹੱਤਿਆਰਾ ਚੀਨੀ ਮਿੱਟੀ ਦੀਆਂ ਮੂਰਤੀਆਂ ਵਿੱਚੋਂ ਇੱਕ-ਇੱਕ ਨੂੰ ਤੋੜ ਦਿੰਦਾ। ਇਹ 'ਮੈਂ' ਕੌਣ ਹੈ ਤੇ ਉਹਨੇ ਕਿਸ ਤਰੀਕੇ ਨਾਲ ਇੱਕ-ਇੱਕ ਦਾ ਕਤਲ ਕੀਤਾ, ਇਸ ਰਹੱਸ ਨੂੰ ਜਾਣਨ ਲਈ ਰੌਂਗਟੇ ਖੜ੍ਹੇ ਕਰ ਦੇਣ ਵਾਲ਼ੀ ਜਾਸੂਸੀ ਕਹਾਣੀ ਨੂੰ ਪੜ੍ਹਨਾ ਦਿਲਚਸਪੀ ਤੋਂ ਕੋਰਾ ਨਹੀਂ ਹੋਵੇਗਾ।

ਅਨੁਵਾਦ ਸਮੇਂ ਕੁਝ ਥਾਂਵਾਂ ਤੇ ਪੰਜਾਬੀ ਦੇ ਸ਼ਬਦਜੋੜ ਗਲਤ ਛਪ ਗਏ ਹਨ। ਪਾਤਰਾਂ ਦੇ ਨਾਵਾਂ ਨੂੰ ਇੱਕ ਤੋਂ ਵੱਧ ਥਾਈਂ ਵੱਖਰੇ-ਵੱਖਰੇ ਸ਼ਬਦਜੋੜਾਂ ਨਾਲ ਲਿਖਿਆ ਗਿਆ ਹੈ। ਹੋਰ ਸ਼ਬਦਾਂ ਵਿੱਚ ਵਧੀਆ (ਵਧਿਆ,21), ਘਿਰਣੀ (ਘਿਰਨੀ,28), ਮਨਾਈਓ (ਮਨਾਇਓ,58), ਹੈਲਕੀ (ਹਲਕੀ,59), ਡਰਾਈਂਗ (ਡਰਾਇੰਗ,62), ਮਲੂੰਮ (ਮਲੂਮ,62), ਵਢੇਰੀ (ਵਡੇਰੀ,68), ਫਿਜ (ਫਿਰ,71), ਜਮਾਤਲਾਸੀ (ਜਮਾ-ਤਲਾਸ਼ੀ,83), ਪੰਜੇ (ਪੰਜ,89), ਕਹਿਕਾ (ਕਹਿਕਹਾ,88), ਤਿਲਸਮੀ (ਤਲਿੱਸਮੀ,95), ਮਿਸ਼ਨ (ਮਿਸਟਰ,105), ਲੁਕੋਉਣਾ (ਲੁਕਾਉਣਾ,110), ਭਯੰਕਰ (ਭਿਅੰਕਰ,114) ਆਦਿ ਗਲਤੀਆਂ ਵੀ ਰੜਕਦੀਆਂ ਹਨ।

ਨਾਵਲ ਵਿਚਲੇ ਕੁਝ ਵਾਕ, ਵਾਕੰਸ਼ ਤੇ ਘਟਨਾਵਾਂ ਖਾਸ ਤੌਰ ਤੇ ਪੜ੍ਹਨਯੋਗ ਹਨ, ਜਿਨ੍ਹਾਂ ਨੂੰ ਅਨੁਵਾਦਕ ਨੇ ਠੇਠ ਪੰਜਾਬੀ ਵਿੱਚ ਉਲਥਾਇਆ ਹੈ। ਕੁਝ ਉਦਾਹਰਣਾਂ :

* ਇਨਸਾਨ ਦੀ ਕਿਸਮਤ ਅਸਲ ਵਿੱਚ ਉਸ ਗੇਂਦ ਦੀ ਤਰ੍ਹਾਂ ਹੈ, ਜਿਹੜੀ ਇੱਕ ਵਾਰੀ ਰਿੜ੍ਹਨੀ ਸ਼ੁਰੂ ਹੋ ਜਾਵੇ ਤਾਂ ਫਿਰ ਆਪਣੇ ਆਪ ਰਿੜ੍ਹਦੀ ਹੀ ਚਲੀ ਜਾਂਦੀ ਹੈ। (19)
* ਬਾਹਰ ਮੋਹਲੇਧਾਰ ਮੀਂਹ ਪੈ ਰਿਹਾ ਸੀ। ਹਵਾ ਹਨੇਰੀ ਦੀ ਰਫ਼ਤਾਰ ਨਾਲ ਬੱਦਲਾਂ ਨੂੰ ਉਡਾਈ ਤੁਰੀ ਜਾਂਦੀ ਸੀ। (67)
* ਤੂਫ਼ਾਨ ਦਾ ਜ਼ੋਰ ਵਧਦਾ ਹੀ ਜਾ ਰਿਹਾ ਸੀ। ਕੱਲ੍ਹ ਜਿਹੜੀ ਖ਼ੁਸ਼ਨੁਮਾ ਪੌਣ ਦਰਖਤਾਂ ਦੀਆਂ ਟਹਿਣੀਆਂ ਵਿੱਚੋਂ ਗੁਜ਼ਰਦੀ ਕੋਮਲ ਪੱਤੀਆਂ ਨਾਲ ਚੁਹਲ ਕਰਦੀ ਜਾਪਦੀ ਸੀ, ਅੱਜ ਉਹੀ ਹਵਾ ਸ਼ੂਕਦੀ ਹੋਈ ਜਿਵੇਂ ਟਾਪੂ ਤੇ ਰਹਿ ਰਹੇ ਅਜਨਬੀਆਂ ਦੀ ਦਸ਼ਾ ਤੇ ਅੱਥਰੂ ਕੇਰਦੀ ਹੋਈ ਡੂਸਕ ਰਹੀ ਸੀ। (72)
* ਮੀਂਹ ਮੁੜ ਤੋਂ ਮੋਹਲੇਧਾਰ ਵਰ੍ਹਨ ਲੱਗ ਪਿਆ ਸੀ ਤੇ ਝੱਖੜ ਸਮੁੰਦਰ ਦੇ ਪਾਣੀ ਨੂੰ ਇਸ ਤਰ੍ਹਾਂ ਰਿੜਕ ਰਿਹਾ ਸੀ ਕਿ ਦੁੱਧ ਉੱਪਰ ਤਿਰ ਆਏ ਮੱਖਣ ਵਾਂਗ ਹਰ ਪਾਸੇ ਝੱਗ ਹੀ ਝੱਗ ਨਜ਼ਰ ਆਉਂਦੀ ਸੀ। (87)
* ਲੋਕ ਕਈ-ਕਈ ਦਿਨ ਭੁੱਖੇ ਰਹਿ ਲੈਂਦੇ ਨੇ। ਜੇ ਮੈਂ ਇੱਕ ਦਿਨ ਭੁੱਖੀ ਰਹਿ ਗਈ ਤਾਂ ਕਿਹੜਾ ਪਹਾੜ ਟੁੱਟ ਚੱਲਿਐ? (111)

ਜਿੱਥੇ ਅਗਾਥਾ ਨੇ ਕਹਾਣੀ ਦੀਆਂ ਤੰਦਾਂ ਨੂੰ ਬੜੇ ਰਹੱਸਮਈ ਢੰਗ ਨਾਲ ਗੁੰਦਿਆ ਹੈ, ਉੱਥੇ ਅਨੁਵਾਦਕ ਭਾਕਰ ਦੀ ਤਾਰੀਫ਼ ਵੀ ਕਰਨੀ ਬਣਦੀ ਹੈ, ਜਿਸਨੇ ਬਹੁਤ ਚੌਚਕ ਤੇ ਚੁਸਤ ਵਿਧੀ ਨਾਲ਼ ਨਾਵਲ ਦਾ ਅਨੁਵਾਦ ਕੀਤਾ ਹੈ। ਜੇਕਰ ਅੰਗਰੇਜ਼ੀ ਨਾਵਾਂ ਵਾਲ਼ੇ ਪਾਤਰਾਂ ਵੱਲ ਧਿਆਨ ਨਾ ਦੇਈਏ ਤਾਂ ਇਹ ਪੰਜਾਬੀ ਵਿੱਚ ਹੀ ਲਿਖਿਆ ਜਾਸੂਸੀ ਨਾਵਲ ਜਾਪਦਾ ਹੈ। ਕਹਾਣੀ ਦੀ ਗੋਂਦ ਕਿਤੇ ਵੀ ਢਿੱਲੀ ਨਹੀਂ ਪੈਂਦੀ ਤੇ ਪਾਠਕ ਕਥਾ-ਰਸ ਵਿੱਚ ਇੰਨਾ ਗੁਆਚ ਜਾਂਦਾ ਹੈ ਕਿ ਪੂਰਾ ਨਾਵਲ ਪੜ੍ਹ ਕੇ ਹੀ ਸਾਹ ਲੈਂਦਾ ਹੈ।





SERVPRO
OF TRACY
Cleaning. Restoration. Construction.

ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ

ਅਸੀਂ Insurance Companies ਦੇ National Account 'ਤੇ ਹਾਂ

ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ

Before



After













- ਪਾਣੀ ਨਾਲ ਨੁਕਸਾਨ ਦੀ ਮੁਰੰਮਤ
- ਕਾਰਪੇਟ ਅਤੇ ਫਰਨੀਚਰ ਸੁਕਾਉਣਾ
- ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
- Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ

Before



After



ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ

2275 N Mac Arthur Dr Tracy, CA 95376

CONTACT FOR MORE INFORMATION

DEEPINDER MAHAL
President

Office (209) 834-0200
Cell (408) 963-7702

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ
ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ
ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ

DEVINDER PAMMI



ATWAL
IMMIGRATION SERVICES

ATWAL
TAX & IMMIGRATION
— SERVICES —

- FAMILY PETITIONS
- NATURALIZATION (US CITIZENSHIP)
- GREEN CARD RENEW
- WORK PERMIT RENEW
- AFFIDAVIT OF SUPPORT
- INDIAN AND US PASSPORT RENEW
- INDIAN VISA
- OCI
- E-VISA
- INDIAN PASSPORT SURRENDER

ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ



TONY
ATWAL

ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com

ਜਾਂ ਫ਼ਿਰ ਸਾਡੀ WEBSITE
www.atwaltaximmigrationservices.com



ADDRESS 1
119 N Maple Ave, Ste B,Manteca, CA,95336 Manteca
(209) 505-6384

ADDRESS 2
2800 Mitchell Rd,Ste.W,Ceres ,CA 95307, Ceres
(209) 568-9682

ਮਿੰਨੀ ਕਹਾਣੀ

ਭੁੱਖ ਦਾ ਫੁੱਫੜ

ਬੰਤਾ ਘਰੋਂ ਵਾਹਵਾ ਦਰਮਿਆਨਾ ਸੀ। ਭਾਵ ਟਾਈਮ ਪਾਸ ਵਧੀਆ ਹੁੰਦਾ ਸੀ,ਪਰ ਫਿਰ ਵੀ ਨੀਤ ਦਾ ਮਾੜਾ, ਭੁੱਖ ਖਲਾਰਦਾ ਰਹਿੰਦਾ ਜੇ ਕਿਸੇ ਦੇ ਵਿਆਹ ਸ਼ਾਦੀ ਜਾਂਦਾ ਤਾਂ ਢਿੱਡ ਭਾਵੇਂ ਭਰ ਜਾਂਦਾ ਪਰ ਨੀਤ ਨਹੀਂ ਸੀ ਰੱਜਦੀ। ਲੋਕ ਉਸ ਨੂੰ ਮਜਾਕੀਆ ਤੌਰ ਤੇ 'ਭੁੱਖ ਦਾ ਫੁੱਫੜ ਕਹਿੰਦੇ। ਸਾਡੇ ਨਾਲ ਵੀ ਦੂਰ ਨੇੜਿਓਂ ਲਿਹਾਜ਼ ਸੀ ਬੰਤੇ ਦੀ ਤੇ ਸਾਡੇ ਘਰ ਦਾ ਗੁਜ਼ਾਰਾ ਮਸਾਂ ਚੱਲਦਾ ਸੀ। ਅਸੀਂ ਛੋਟੇ ਸੀ ਬਾਪੂ ਇਕੱਲਾ ਕਮਾਉਣ ਵਾਲਾ, ਪੜ੍ਹਾਈ ਲਿਖਾਈ ਦਾ ਖਰਚਾ ਜਿਆਦਾ ਤੇ ਆਮਦਨ ਘੱਟ, ਮਿਹਨਤ ਤਾਂ ਬਾਪੂ ਬਹੁਤ ਕਰਦਾ ਸੀ ਪਰ ਖਰਚਾ ਪੇਸ਼ ਨਹੀਂ ਸੀ ਜਾਣ ਦਿੰਦਾ। ਇੱਕ ਦਿਨ ਬੰਤਾ ਸਾਡੇ ਘਰੇ ਆ ਗਿਆ, ਸਵੇਰੇ ਰੋਟੀ ਦਾ ਟਾਈਮ ਸੀ ਬੇਬੇ ਮੇਰੀ ਗੁਆਂਢੀਆਂ ਤੋਂ ਆਟਾ ਉਧਾਰਾ ਮੰਗ ਕੇ ਲਿਆਈ ਕਿ ਜਵਾਕਾਂ ਨੇ ਸਕੂਲ ਜਾਣਾ,

ਨਾਲੇ ਘਰ ਵਾਲੇ ਨੂੰ ਕੰਮ ਤੇ ਤੋਰਨਾ, ਚੁੱਲੇ ਤੇ ਰੋਟੀਆਂ ਪਕਾਈ ਜਾਂਦੀ ਸੀ। ਬਾਪੂ ਰੋਟੀ ਖਾਣ ਲੱਗਿਆ ਕੰਮ ਤੇ ਜਾਣਾ ਸੀ, ਬਾਪੂ ਨੇ ਸੁਤੇ ਬੰਤੇ ਨੂੰ ਕਿਹਾ, "ਬੰਤਿਆ! ਰੋਟੀ ਖਾ ਲਾ," ਬੰਤਾ ਬੋਲਿਆ "ਨਹੀਂ ਚਾਚਾ ਭੁੱਖ ਨਹੀਂ", ਬਾਪੂ ਕਹਿੰਦਾ "ਖਾ ਲੈ ਇੱਕ ਅੱਧੀ", ਬਾਪੂ ਨੇ ਉੱਤਲੇ ਮਨੋ ਬੰਤੇ ਨੂੰ ਆਖਿਆ। ਬੰਤਾ ਬੋਲਿਆ "ਚੱਲ ਲਿਆ ਖਾ ਲੈਨੇ ਆ ਚਾਚਾ", ਮੇਰੀ ਬੇਬੇ ਪਕਾਈ ਗਈ, ਬੰਤਾ ਚਾਰ ਰੋਟੀਆਂ ਸਾਬਤੀਆਂ ਤੇ ਖੰਨਾ ਖੰਨਾ ਕਰਕੇ ਭਾਵ ਅੱਧੀ ਅੱਧੀ ਕਰਕੇ ਚਾਰ ਹੋਰ ਖਾ ਗਿਆ। ਉਧਰੋਂ ਬੇਬੇ ਨਿਉਲੀਆਂ ਜਿਹੀਆਂ ਵੱਟੇ ਕਿ ਪਿੱਛੇ ਰਹਿ ਕੀ ਗਿਆ ਰੋਟੀ ਤਾਂ ਅਜੇ ਜਵਾਕਾਂ ਨੇ ਵੀ ਖਾਣੀ ਆ, ਖਾ ਕੇ ਅੱਠ ਰੋਟੀਆਂ ਬੰਤਾ ਢਿੱਡ ਤੋਂ ਦੀ ਹੱਥ ਫੇਰ ਕੇ ਕਹਿੰਦਾ, "ਚੰਗਾ ਬਈ ਬਾਕੀ ਫੇਰ ਸਹੀ। ਚਾਚਾ ਚੰਗਾ ਮੈਂ ਹੁਣ ਚੱਲਦਾ", ਅਜੇ ਬੰਤਾ ਬਾਰ ਹੀ ਨਿਕਲਿਆ ਸੀ ਬੇਬੇ ਕਹਿੰਦੀ। "ਇਹ ਕਿੱਥੋਂ ਤੂੰ ਭੁੱਖੜ ਸਿਆਣੂ ਕਰ ਲਿਆ, ਵਾਹਵਾ ਤੂੰ ਚਾਹ ਦੀ ਸੁਲਹਾ ਨੀਂ ਮਾਰ ਲੀ ਨਹੀਂ ਤਾਂ ਚਾਹ ਪੀਤੀ ਤੋਂ ਬਿੰਨਾਂ ਇਹ ਨੇ ਹਿੱਲਣਾ ਨੀਂ ਸੀ, ਉੱਤੋ ਕੰਮ ਦਾ ਟਾਇਮ ਆ," ਅੱਧਾ ਭੁੱਖਾ ਬਾਪੂ ਸਾਈਕਲ ਲੈ ਕੇ ਦਿਹਾੜੀ ਨੂੰ ਤੁਰ ਪਿਆ ਤੇ ਸਾਡੇ ਲਈ ਬਚੀ ਖੁਚੀ ਰੋਟੀ ਪੋਣੇ ਵਿੱਚ ਬੰਨ ਬੁੜ ਬੁੜ ਕਰਦੀ ਬੇਬੇ ਸਾਨੂੰ ਸਕੂਲ ਛੱਡਣ ਲਈ ਤੁਰ ਪਈ।



SANJHI SOCH
ਹਰਪ੍ਰੀਤ ਪੱਤੋ
ਪਿੰਡ ਪੱਤੋ ਹੀਰਾ ਸਿੰਘ
ਮੋਗਾ
94658-21417





SUNSHINE AUTO CARE INC

WE REPAIR ALL"

AUTO • DIESEL TRUCKS • TRAILERS

All Makes & Models



FULL SERVICE AUTO & DIESEL REPAIR

- Engine Diagnostics
- Brake Service
- Suspension & Steering
- Diesel Truck Repair
- Trailer Repair

Reliable • Professional • Fast Service

1003 MOFFAT BLVD.• MANTECA, CA 95336

209-239-1551

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ

ਸੁਭ ਕਾਮਨਾਵਾ ਸਹਿਤ

ਸਿੱਖਸ ਆਫ਼ ਡੀ.ਐੱਮ.ਵੀ.
SIKHS OF DMV



Dr. Surinder Singh Gill
Founder



Sukhwinder Singh KK Sidhu
Founder



Harbans Singh Khalsa
Chairman



Amarjit Singh Sandhu
President



Kewal Singh Maan
Secretary General



Ajit Singh Shahi
Vice Chairman



Jass Singh
Director



Harry Singh
Vice President



Jinderpal Singh Brar
Cashier



Ranjit Singh Chahl
Assistant Secretary



Harjit Singh Hundal
Media Director



Devinder Singh Gill
Assistant Cashier



Mehtab Singh Kahlon
Convenor Virginia



Ajaipal Singh Khalsa
Director



Maninder Singh Khalsa
Director



Gurcharan Singh Khalsa
Director



Gurinder Singh Khalsa
Director



Amar Singh Malhi
Director



Maheshinder Singh
Director



Japneet Singh Director
New York



Harpreet Singh
Director



Hardeep Singh Saini
Director

INDERJIT S. TOOR
CONSTRUCTION INC.



INDERJIT S. TOOR
CONSTRUCTION INC.
LIC# 842324

ਕੀ ਤੁਸੀਂ ਨਵਾਂ ਘਰ ਜਾਂ ਵਪਾਰਕ ਇਮਾਰਤ
ਬਣਾਉਣ ਦੀ ਯੋਜਨਾ ਬਣਾ ਰਹੇ ਹੋ ?

ਹੋਟਲ | ਅਪਾਰਟਮੈਂਟ | ਡਾਕਟਰਾਂ ਦੇ ਦਫ਼ਤਰ
ਅਤੇ ਗੈਸ ਸਟੇਸ਼ਨਾਂ ਦੇ ਨਿਰਮਾਣ ਕਾਰਜਾਂ ਲਈ
INDERJIT S. TOOR
Construction
ਨਾਲ ਸੰਪਰਕ ਕਰੋ।

Location : Northern California

ਤੁਹਾਡੀ ਸਮੱਸਿਆ, ਸਾਡਾ ਹੱਲ !

HARINDER S. TOOR CEO | (209) 404-4063
htoor@toorinc.com | www.ToorInc.com
2351 Tenaya Dr. Ste D, Modesto, CA 95354



ਬਰਜਿੰਦਰ ਕੌਰ ਬਿਸਰਾਓ
99889-01324

ਪੰਜਾਬ ਨੂੰ ਡਰ ਨਹੀਂ ਸੁਰੱਖਿਆ ਦਾ ਭਰੋਸਾ ਚਾਹੀਦਾ ਹੈ

ਪੰਜਾਬ ਉਹ ਧਰਤੀ ਹੈ ਜਿਸ ਦੀ ਪਛਾਣ ਬਹਾਦਰੀ, ਭਾਈਚਾਰੇ, ਮਿਹਨਤ ਅਤੇ ਸਾਂਝੀਵਾਲਤਾ ਨਾਲ ਹੁੰਦੀ ਹੈ। ਇਸ ਧਰਤੀ ਦੇ ਲੋਕਾਂ ਨੇ ਹਮੇਸ਼ਾ ਜ਼ੁਲਮ ਵਿਰੁੱਧ ਆਵਾਜ਼ ਬੁਲੰਦ ਕੀਤੀ ਅਤੇ ਹਰ ਔਖੇ ਸਮੇਂ ਵਿੱਚ ਹਿੰਮਤ ਨਾਲ ਹਾਲਾਤਾਂ ਦਾ ਸਾਹਮਣਾ ਕੀਤਾ ਹੈ। ਪਰ ਅੱਜ ਜਦੋਂ ਪੰਜਾਬ ਵਿੱਚ ਕਤਲਾਂ, ਲੁੱਟਾਂ-ਖੋਹਾਂ, ਗੋਲੀਆਂ ਚੱਲਣ, ਫਿਰੌਤੀਆਂ ਅਤੇ ਹੋਰ ਅਪਰਾਧਾਂ ਦੀਆਂ ਖ਼ਬਰਾਂ ਸਾਹਮਣੇ ਆਉਂਦੀਆਂ ਹਨ, ਤਾਂ ਹਰ ਸੰਵੇਦਨਸ਼ੀਲ ਪੰਜਾਬੀ ਦੇ ਮਨ ਵਿੱਚ ਇੱਕ ਸਵਾਲ ਉੱਠਦਾ ਹੈ ਕਿ ਕੀ ਅਸੀਂ ਆਪਣੇ ਹੀ ਘਰਾਂ, ਗਲੀਆਂ, ਬਾਜ਼ਾਰਾਂ ਅਤੇ ਸੜਕਾਂ ਉੱਤੇ ਸੁਰੱਖਿਅਤ ਹਾਂ? ਕਾਨੂੰਨ ਵਿਵਸਥਾ ਕਿਸੇ ਵੀ ਸੂਬੇ ਦੀ ਤਰੱਕੀ ਦੀ ਬੁਨਿਆਦ ਹੁੰਦੀ ਹੈ। ਜਿੱਥੇ ਲੋਕਾਂ ਨੂੰ ਆਪਣੀ ਜਾਨ, ਮਾਲ ਅਤੇ ਇੱਜ਼ਤ ਦੀ ਸੁਰੱਖਿਆ ਦਾ ਭਰੋਸਾ ਹੋਵੇ, ਉੱਥੇ ਹੀ ਵਿਕਾਸ ਦੀਆਂ ਨੀਂਹਾਂ ਮਜ਼ਬੂਤ ਹੁੰਦੀਆਂ ਹਨ। ਪਰ ਜਦੋਂ ਆਮ ਨਾਗਰਿਕ ਦੇ ਮਨ ਵਿੱਚ ਇਹ ਡਰ ਬੈਠ ਜਾਵੇ ਕਿ ਘਰੋਂ ਨਿਕਲਣ ਮਗਰੋਂ ਉਹ ਸੁਰੱਖਿਅਤ ਵਾਪਸ ਪਰਤੇਗਾ ਜਾਂ ਨਹੀਂ, ਦੁਕਾਨ ਬੰਦ ਕਰਕੇ ਜਾਣ ਸਮੇਂ ਉਸ ਦਾ ਕਾਰੋਬਾਰ ਸੁਰੱਖਿਅਤ ਰਹੇਗਾ ਜਾਂ ਨਹੀਂ, ਕੋਈ ਤਸਕਰਾਂ ਖ਼ਿਲਾਫ਼ ਅਵਾਜ਼ ਚੁੱਕਣ ਲੱਗਿਆ ਸੁਰੱਖਿਅਤ ਹੈ ਜਾਂ ਨਹੀਂ ਜਾਂ ਕਿਸੇ ਨਿੱਜੀ ਰੰਜਿਸ਼ ਕਾਰਨ ਕਿਸੇ ਦੀ ਜਾਨ ਖ਼ਤਰੇ ਵਿੱਚ ਪੈ ਸਕਦੀ ਹੈ, ਤਾਂ ਇਹ ਸਿਰਫ਼ ਅਪਰਾਧ ਦੀ ਸਮੱਸਿਆ ਨਹੀਂ ਰਹਿੰਦੀ, ਸਗੋਂ ਸਮਾਜ ਦੇ ਭਰੋਸੇ ਨੂੰ ਲੱਗੀ ਡੂੰਘੀ ਸੱਟ ਬਣ ਜਾਂਦੀ ਹੈ। ਅੱਜ ਅਪਰਾਧੀ ਸਮਾਜ ਸੇਵੀਆਂ ਅਤੇ ਆਮ ਲੋਕਾਂ ਤੋਂ ਭਾਰੂ ਪੈ ਰਹੇ ਹਨ।

ਅੱਜ ਅਪਰਾਧਾਂ ਦੀਆਂ ਵਧਦੀਆਂ ਘਟਨਾਵਾਂ ਅਤੇ ਵਾਰਦਾਤਾਂ ਕਾਰਨ ਹਰ ਆਮ ਨਾਗਰਿਕ ਸਹਿਮਿਆ ਹੋਇਆ ਦਿਸਦਾ ਹੈ। ਅੱਜ ਪੰਜਾਬ ਵਿੱਚ ਕਤਲਾਂ ਅਤੇ ਲੁੱਟਾਂ-ਖੋਹਾਂ ਦੀਆਂ ਘਟਨਾਵਾਂ ਬਾਰੇ ਆਉਂਦੀਆਂ ਖ਼ਬਰਾਂ ਲੋਕਾਂ ਦੇ ਮਨਾਂ ਵਿੱਚ ਅਸੁਰੱਖਿਆ ਦੀ ਭਾਵਨਾ ਪੈਦਾ ਕਰਦੀਆਂ ਹਨ। ਕਿਤੇ ਕਿਸੇ ਪਰਿਵਾਰ ਦੇ ਕਮਾਊ ਜੀਅ ਦਾ ਕਤਲ ਹੋ ਜਾਂਦਾ ਹੈ, ਕਿਤੇ ਕਿਸੇ ਦੁਕਾਨਦਾਰ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ, ਕਿਤੇ ਕਾਰੋਬਾਰੀਆਂ ਨੂੰ ਧਮਕੀਆਂ ਮਿਲਣ ਦੀਆਂ ਖ਼ਬਰਾਂ ਸਾਹਮਣੇ ਆਉਂਦੀਆਂ ਹਨ ਅਤੇ ਕਿਤੇ ਆਮ ਰਾਹਗੀਰ ਲੁੱਟ-ਖੋਹ ਦਾ ਸ਼ਿਕਾਰ ਬਣਦੇ ਹਨ।

ਹਰ ਅਜਿਹੀ ਘਟਨਾ ਆਪਣੇ ਪਿੱਛੇ ਸਿਰਫ਼ ਇੱਕ ਪੀੜਤ ਨਹੀਂ ਛੱਡਦੀ, ਸਗੋਂ ਕਈ ਪਰਿਵਾਰਾਂ ਦੀਆਂ ਖ਼ੁਸ਼ੀਆਂ, ਸੁਪਨੇ ਅਤੇ ਭਵਿੱਖ ਵੀ ਉਜਾੜ ਦਿੰਦੀ ਹੈ। ਕਿਸੇ ਘਰ ਵਿੱਚ ਜਦੋਂ ਪਰਿਵਾਰ ਦਾ ਜੀਅ ਸਵੇਰੇ ਕੰਮ ਲਈ ਨਿਕਲਦਾ ਹੈ, ਤਾਂ ਘਰ ਦੇ ਜੀਆਂ ਨੂੰ ਉਸ ਦੀ ਸਲਾਮਤੀ ਦੀ ਉਮੀਦ ਹੁੰਦੀ ਹੈ। ਪਰ ਜੇਕਰ ਅਪਰਾਧਾਂ ਦੀਆਂ ਖ਼ਬਰਾਂ ਲਗਾਤਾਰ ਲੋਕਾਂ ਦੇ ਮਨਾਂ ਵਿੱਚ ਡਰ ਪੈਦਾ ਕਰਨ ਲੱਗ ਪੈਣ, ਤਾਂ ਇਹ ਉਮੀਦ ਵੀ ਚਿੰਤਾ ਵਿੱਚ ਬਦਲ ਜਾਂਦੀ ਹੈ। ਮਾਪਿਆਂ ਨੂੰ ਆਪਣੇ ਬੱਚਿਆਂ ਦੀ ਫ਼ਿਕਰ, ਦੁਕਾਨਦਾਰਾਂ ਨੂੰ ਆਪਣੇ ਕਾਰੋਬਾਰ ਦੀ ਚਿੰਤਾ ਅਤੇ ਬਜ਼ੁਰਗਾਂ ਨੂੰ ਇਕੱਲਿਆਂ ਬਾਹਰ ਜਾਣ ਦਾ ਡਰ ਸਤਾਉਣ ਲੱਗਦਾ ਹੈ। ਇੱਥੋਂ ਤੱਕ ਕਿ ਅੱਜ ਘਰਾਂ ਵਿੱਚ ਬੈਠੀਆਂ ਗ੍ਰਹਿਣੀਆਂ ਨੂੰ ਦਿਨ ਦਿਹਾੜੇ ਘਰਾਂ ਅੰਦਰ ਵੜਕੇ ਲੁੱਟਾਂ ਖੋਹਾਂ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਆਜ਼ਾਦੀ ਨਾਲ ਜਿਊਣ ਲਈ ਸਿਰਫ਼ ਸਾਹ ਲੈਣਾ ਕਾਫ਼ੀ ਨਹੀਂ, ਸਗੋਂ ਸੁਰੱਖਿਅਤ ਜੀਵਨ ਦਾ ਭਰੋਸਾ ਹੋਣਾ ਵੀ ਜ਼ਰੂਰੀ ਹੈ।

ਪੰਜਾਬ ਵਿੱਚ ਸੰਗਠਿਤ ਅਪਰਾਧ ਅਤੇ ਗੈਂਗਸਟਰਾਂ ਦੇ ਨੈੱਟਵਰਕ ਨੂੰ ਤੋੜਨਾ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਲਈ ਵੱਡੀ ਚੁਣੌਤੀ ਹੈ। ਵਿਦੇਸ਼ਾਂ ਵਿੱਚ ਬੈਠੇ ਅਪਰਾਧੀਆਂ ਵੱਲੋਂ ਸਥਾਨਕ ਸਾਥੀਆਂ ਰਾਹੀਂ ਅਪਰਾਧ ਕਰਵਾਉਣ, ਧਮਕੀਆਂ ਦੇਣ ਅਤੇ ਫਿਰੌਤੀਆਂ ਮੰਗਣ ਵਰਗੀਆਂ ਘਟਨਾਵਾਂ ਦੀਆਂ ਰਿਪੋਰਟਾਂ ਇਸ ਸਮੱਸਿਆ ਦੀ ਗੰਭੀਰਤਾ ਵੱਲ ਧਿਆਨ ਦਿਵਾਉਂਦੀਆਂ ਹਨ। ਜਦੋਂ ਕਿਸੇ ਕਾਰੋਬਾਰੀ ਜਾਂ ਆਮ ਪਰਿਵਾਰ ਨੂੰ ਧਮਕੀ ਮਿਲਦੀ ਹੈ, ਤਾਂ ਉਸ ਦੀ ਚਿੰਤਾ ਸਿਰਫ਼ ਆਪਣੀ ਜਾਨ ਤੱਕ ਸੀਮਤ ਨਹੀਂ ਰਹਿੰਦੀ, ਸਗੋਂ ਉਸ ਨੂੰ ਆਪਣੇ ਪਰਿਵਾਰ ਅਤੇ ਕਾਰੋਬਾਰ ਦੀ ਸੁਰੱਖਿਆ ਦਾ ਵੀ ਫ਼ਿਕਰ ਸਤਾਉਂਦਾ ਹੈ। ਸਵਾਲ ਇਹ ਹੈ ਕਿ ਅਪਰਾਧੀਆਂ ਨੂੰ ਅਜਿਹਾ ਹੌਸਲਾ ਕਿੱਥੋਂ ਮਿਲਦਾ ਹੈ? ਕੀ ਅਪਰਾਧ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਮਨ ਵਿੱਚ ਕਾਨੂੰਨ ਦਾ ਡਰ ਨਹੀਂ ਹੋਣਾ ਚਾਹੀਦਾ?

ਜੇਕਰ ਕਿਸੇ ਅਪਰਾਧੀ ਨੂੰ ਇਹ ਭਰੋਸਾ ਹੋ ਜਾਵੇ ਕਿ ਉਹ ਵਾਰ-ਵਾਰ ਕਾਨੂੰਨ ਦੀ ਪਕੜ ਤੋਂ ਬਚ ਸਕਦਾ ਹੈ, ਤਾਂ ਇਹ ਸਥਿਤੀ ਸਮਾਜ ਲਈ ਖ਼ਤਰਨਾਕ ਬਣ ਜਾਂਦੀ ਹੈ। ਇਸ ਲਈ ਸਿਰਫ਼ ਅਪਰਾਧ ਹੋਣ ਤੋਂ ਬਾਅਦ ਕਾਰਵਾਈ ਕਰਨੀ ਹੀ ਕਾਫ਼ੀ ਨਹੀਂ । ਅਪਰਾਧ ਹੋਣ ਤੋਂ ਪਹਿਲਾਂ ਉਸ ਨੂੰ ਰੋਕਣ ਦੀ ਸਮਰੱਥਾ ਵੀ ਪੁਲਿਸ ਪ੍ਰਬੰਧ ਦੀ ਅਹਿਮ ਜ਼ਿੰਮੇਵਾਰੀ ਹੈ।

ਕਿਸੇ ਵੀ ਸੂਬੇ ਵਿੱਚ ਅਪਰਾਧਾਂ ਨੂੰ ਰੋਕਣ ਲਈ ਪੁਲਿਸ ਦੀ ਚੌਕਸੀ, ਖ਼ੁਫ਼ੀਆ ਜਾਣਕਾਰੀ, ਤੇਜ਼ ਜਾਂਚ ਅਤੇ ਸਮੇਂ ਸਿਰ ਕਾਰਵਾਈ ਬਹੁਤ ਮਹੱਤਵਪੂਰਨ ਹੁੰਦੇ ਹਨ। ਪੰਜਾਬ ਪੁਲਿਸ ਵੱਲੋਂ ਗੈਂਗਸਟਰਾਂ ਅਤੇ ਸੰਗਠਿਤ ਅਪਰਾਧ ਵਿਰੁੱਧ ਮੁਹਿੰਮਾਂ ਚਲਾਉਣ ਅਤੇ ਗ੍ਰਿਫ਼ਤਾਰੀਆਂ ਕਰਨ ਦੀਆਂ ਖ਼ਬਰਾਂ ਵੀ ਸਾਹਮਣੇ ਆਉਂਦੀਆਂ ਰਹੀਆਂ ਹਨ।

ਪਰ ਅਜਿਹੀਆਂ ਮੁਹਿੰਮਾਂ ਦੀ ਸਫ਼ਲਤਾ ਦਾ ਅਸਲ ਮੁਲਾਂਕਣ ਇਸ ਗੱਲ ਤੋਂ ਹੋਣਾ ਚਾਹੀਦਾ ਹੈ ਕਿ ਆਮ ਲੋਕ ਕਿੰਨਾ ਸੁਰੱਖਿਅਤ ਮਹਿਸੂਸ ਕਰਦੇ ਹਨ, ਅਪਰਾਧਾਂ ਦੀ ਰੋਕਥਾਮ ਕਿੰਨੀ ਪ੍ਰਭਾਵਸ਼ਾਲੀ ਹੈ ਅਤੇ ਪੀੜਤਾਂ ਨੂੰ ਕਿੰਨੀ ਜਲਦੀ ਇਨਸਾਫ਼ ਮਿਲਦਾ ਹੈ। ਪੁਲਿਸ ਕੋਲ ਸਰੋਤਾਂ ਦੀ ਘਾਟ, ਮੁਲਾਜ਼ਮਾਂ ਉੱਤੇ ਕੰਮ ਦਾ ਬੋਝ ਅਤੇ ਅਪਰਾਧੀਆਂ ਦੇ ਫੈਲੇ ਹੋਏ ਨੈੱਟਵਰਕ ਵਰਗੀਆਂ ਚੁਣੌਤੀਆਂ ਹੋ ਸਕਦੀਆਂ ਹਨ। ਇਨ੍ਹਾਂ ਨੂੰ ਸਮਝਣਾ ਵੀ ਜ਼ਰੂਰੀ ਹੈ। ਪਰ ਇਨ੍ਹਾਂ ਚੁਣੌਤੀਆਂ ਦੇ ਬਾਵਜੂਦ ਲੋਕਾਂ ਦੀ ਸੁਰੱਖਿਆ ਅਤੇ ਅਪਰਾਧੀਆਂ ਦੀ ਜਵਾਬਦੇਹੀ ਯਕੀਨੀ ਬਣਾਉਣੀ ਲਾਜ਼ਮੀ ਹੈ। ਜੇਕਰ ਕਿਸੇ ਇਲਾਕੇ ਵਿੱਚ ਵਾਰ-ਵਾਰ ਅਪਰਾਧ ਹੋ ਰਹੇ ਹਨ ਜਾਂ ਕੋਈ ਵਿਅਕਤੀ ਵਾਰ ਵਾਰ ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲਹੋਣ ਤੋਂ ਬਾਅਦ ਵੀ ਸਮਾਜ ਵਿੱਚ ਸ਼ਰੇਆਮ ਘੁੰਮਦਾ ਹੈ ਤਾਂ ਉੱਥੋਂ ਦੇ ਪੁਲਿਸ ਪ੍ਰਬੰਧ ਦੀ ਸਮੀਖਿਆ ਹੋਣੀ ਚਾਹੀਦੀ ਹੈ। ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲੈਣਾ, ਮੁਲਜ਼ਮਾਂ ਦੀ ਨਿਰਪੱਖ ਜਾਂਚ ਕਰਨੀ ਅਤੇ ਪੀੜਤਾਂ ਨੂੰ ਬੇਲੋੜੀਆਂ ਮੁਸ਼ਕਲਾਂ ਤੋਂ ਬਚਾਉਣਾ ਪ੍ਰਸ਼ਾਸਨ ਦੀ ਮੁੱਢਲੀ ਜ਼ਿੰਮੇਵਾਰੀ ਹੈ।ਲੋਕਾਂ ਨੂੰ ਪੁਲਿਸ ਦੀ ਮੌਜੂਦਗੀ ਹੀ ਨਹੀਂ, ਪੁਲਿਸ ਦੀ ਕਾਰਵਾਈ ਉੱਤੇ ਭਰੋਸਾ ਵੀ ਚਾਹੀਦਾ ਹੈ।

ਸਰਕਾਰ ਦੀ ਜ਼ਿੰਮੇਵਾਰੀ ਸਿਰਫ਼ ਐਲਾਨ ਕਰਨ ਤੱਕ ਸੀਮਤ ਨਾ ਰਹੇ। ਕਾਨੂੰਨ ਵਿਵਸਥਾ ਬਣਾਈ ਰੱਖਣਾ ਸਰਕਾਰ ਦੀਆਂ ਮੁੱਢਲੀਆਂ ਜ਼ਿੰਮੇਵਾਰੀਆਂ ਵਿੱਚੋਂ ਇੱਕ ਹੈ। ਲੋਕ ਸਰਕਾਰ ਚੁਣਦੇ ਸਮੇਂ ਇਹ ਉਮੀਦ ਰੱਖਦੇ ਹਨ ਕਿ ਉਨ੍ਹਾਂ ਦੇ ਜਾਨ-ਮਾਲ ਦੀ ਰਾਖੀ ਹੋਵੇਗੀ, ਅਪਰਾਧੀਆਂ ਨੂੰ ਕਾਨੂੰਨ ਅਨੁਸਾਰ ਸਜ਼ਾ ਮਿਲੇਗੀ ਅਤੇ ਉਹ ਬਿਨ੍ਹਾਂ ਕਿਸੇ ਡਰ ਦੇ ਆਪਣਾ ਜੀਵਨ ਬਤੀਤ ਕਰ ਸਕਣਗੇ।

ਇਸ ਲਈ ਜਦੋਂ ਅਪਰਾਧਾਂ ਦੀਆਂ ਗੰਭੀਰ ਘਟਨਾਵਾਂ ਵਾਪਰਦੀਆਂ ਹਨ, ਤਾਂ ਸਰਕਾਰ ਤੋਂ ਸਵਾਲ ਪੁੱਛਣਾ ਸਾਡੇ ਲੋਕਤੰਤਰ ਦਾ ਹਿੱਸਾ ਹੈ। ਸਰਕਾਰ ਨੂੰ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਅਪਰਾਧ ਰੋਕਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੇ ਨਤੀਜੇ ਕੀ ਹਨ, ਸੰਵੇਦਨਸ਼ੀਲ ਇਲਾਕਿਆਂ ਵਿੱਚ ਸੁਰੱਖਿਆ ਕਿਵੇਂ ਮਜ਼ਬੂਤ ਕੀਤੀ ਜਾ ਰਹੀ ਹੈ ਅਤੇ ਪੁਰਾਣੇ ਮਾਮਲਿਆਂ ਵਿੱਚ ਇਨਸਾਫ਼ ਦੀ ਪ੍ਰਕਿਰਿਆ ਕਿੱਥੇ ਤੱਕ ਪਹੁੰਚੀ ਹੈ।

ਸਿਰਫ਼ ਕਿਸੇ ਵੱਡੀ ਘਟਨਾ ਤੋਂ ਬਾਅਦ ਬਿਆਨ ਦੇਣਾ ਜਾਂ ਜਾਂਚ ਦੇ ਹੁਕਮ ਦੇਣਾ ਕਾਫ਼ੀ ਨਹੀਂ ਹੁੰਦਾ। ਲੋਕਾਂ ਨੂੰ ਨਤੀਜੇ ਚਾਹੀਦੇ ਹਨ ,ਅਜਿਹੇ ਨਤੀਜੇ ਜਿਨ੍ਹਾਂ ਨਾਲ ਅਪਰਾਧੀਆਂ ਵਿੱਚ ਕਾਨੂੰਨ ਦਾ ਡਰ ਅਤੇ ਆਮ ਨਾਗਰਿਕ ਵਿੱਚ ਸੁਰੱਖਿਆ ਦਾ ਭਰੋਸਾ ਪੈਦਾ ਹੋਵੇ। ਇਸ ਮਸਲੇ ਨੂੰ ਸਿਆਸੀ ਦੋਸ਼ਾਂ ਤੱਕ ਸੀਮਤ ਕਰਨ ਦੀ ਥਾਂ ਤੱਥਾਂ ਦੇ ਆਧਾਰ 'ਤੇ ਸਰਕਾਰ ਦੀ ਕਾਰਗੁਜ਼ਾਰੀ ਦੀ ਸਮੀਖਿਆ ਹੋਣੀ ਚਾਹੀਦੀ ਹੈ। ਕਾਨੂੰਨ ਵਿਵਸਥਾ ਕਿਸੇ ਇੱਕ ਪਾਰਟੀ ਦਾ ਨਹੀਂ, ਸਗੋਂ ਪੂਰੇ ਪੰਜਾਬ ਦਾ ਸਵਾਲ ਹੈ। ਸਰਕਾਰ ਕੋਈ ਵੀ ਹੋਵੇ, ਜਨਤਾ ਦੀ ਸੁਰੱਖਿਆ ਪ੍ਰਤੀ ਜਵਾਬਦੇਹੀ ਤੋਂ ਮੁਕਤ ਨਹੀਂ ਹੋ ਸਕਦੀ।

ਪੰਜਾਬ ਵਿੱਚ ਹੋ ਰਹੇ ਅਪਰਾਧਾਂ ਦੇ ਪਿੱਛੇ ਸਮਾਜਿਕ ਕਾਰਨ ਵੀ ਸਮਝਣੇ ਪੈਣਗੇ। ਅਪਰਾਧਾਂ ਨੂੰ ਸਿਰਫ਼ ਪੁਲਿਸ ਅਤੇ ਅਪਰਾਧੀ ਵਿਚਕਾਰਲਾ ਮਾਮਲਾ ਸਮਝਣਾ ਵੀ ਅਧੂਰੀ ਸੋਚ ਹੋਵੇਗੀ। ਸਮਾਜ ਵਿੱਚ ਵਧ ਰਹੀ ਨਸ਼ਿਆਂ ਦੀ ਸਮੱਸਿਆ, ਗ਼ਲਤ ਸੰਗਤ, ਆਸਾਨੀ ਨਾਲ ਪੈਸਾ ਕਮਾਉਣ ਦੀ ਲਾਲਸਾ, ਦਿਖਾਵੇ ਦੀ ਦੌੜ ਅਤੇ ਕਾਨੂੰਨ ਪ੍ਰਤੀ ਘਟਦਾ ਡਰ ਵੀ ਕੁਝ ਅਪਰਾਧਾਂ ਦੇ ਪਿੱਛੇ ਕਾਰਕ ਬਣ ਸਕਦੇ ਹਨ।

ਹਾਲਾਂਕਿ ਹਰ ਅਪਰਾਧ ਦਾ ਕਾਰਨ ਇੱਕੋ ਜਿਹਾ ਨਹੀਂ ਹੁੰਦਾ ਅਤੇ ਹਰ ਨੌਜਵਾਨ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣਾ ਵੀ ਠੀਕ ਨਹੀਂ। ਜਦੋਂ ਸਮਾਜ ਵਿੱਚ ਮਿਹਨਤ ਅਤੇ ਇਮਾਨਦਾਰੀ ਨਾਲੋਂ ਦਿਖਾਵੇ, ਤਾਕਤ ਦੇ ਪ੍ਰਦਰਸ਼ਨ ਅਤੇ ਛੇਤੀ ਅਮੀਰ ਬਣਨ ਨੂੰ ਵਧੇਰੇ ਮਹੱਤਵ ਦਿੱਤਾ ਜਾਣ ਲੱਗੇ, ਤਾਂ ਕੁਝ ਲੋਕ ਗ਼ਲਤ ਰਾਹਾਂ ਵੱਲ ਖਿੱਚੇ ਜਾ ਸਕਦੇ ਹਨ। ਇਸ ਲਈ ਪਰਿਵਾਰਾਂ, ਸਕੂਲਾਂ, ਸਮਾਜਿਕ ਸੰਸਥਾਵਾਂ ਅਤੇ ਸਰਕਾਰ ਨੂੰ ਮਿਲ ਕੇ ਅਜਿਹਾ ਮਾਹੌਲ ਬਣਾਉਣਾ ਪਵੇਗਾ ਜਿੱਥੇ ਨੌਜਵਾਨਾਂ ਨੂੰ ਸਹੀ ਸੇਧ, ਰੁਜ਼ਗਾਰ ਦੇ ਮੌਕੇ ਅਤੇ ਆਪਣੀ ਸਮਰੱਥਾ ਨੂੰ ਸਕਾਰਾਤਮਕ ਕੰਮਾਂ ਵਿੱਚ ਵਰਤਣ ਲਈ ਉਤਸ਼ਾਹ ਮਿਲੇ। ਪਰ ਸਮਾਜਿਕ ਕਾਰਨਾਂ ਦੀ ਚਰਚਾ ਕਰਦਿਆਂ ਅਪਰਾਧ ਕਰਨ ਵਾਲੇ ਵਿਅਕਤੀ ਦੀ ਨਿੱਜੀ ਜ਼ਿੰਮੇਵਾਰੀ ਨੂੰ ਕਦੇ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਪੀੜਤਾਂ ਨੂੰ ਇਨਸਾਫ਼ ਵਿੱਚ ਦੇਰੀ ਵੀ ਲੋਕਾਂ ਦਾ ਭਰੋਸਾ ਤੋੜਦੀ ਹੈ। ਕਿਸੇ ਅਪਰਾਧ ਦੇ ਵਾਪਰਨ ਤੋਂ ਬਾਅਦ ਪੀੜਤ ਪਰਿਵਾਰ ਲਈ ਇਨਸਾਫ਼ ਦੀ ਉਡੀਕ ਇੱਕ ਹੋਰ ਵੱਡੀ ਪੀੜ ਬਣ ਜਾਂਦੀ ਹੈ। ਜੇਕਰ ਜਾਂਚ ਲੰਮੀ ਖਿੱਚਦੀ ਰਹੇ, ਗਵਾਹਾਂ ਨੂੰ ਸੁਰੱਖਿਆ ਨਾ ਮਿਲੇ ਜਾਂ ਮੁਕੱਦਮੇ ਸਾਲਾਂ ਤੱਕ ਲਟਕਦੇ ਰਹਿਣ, ਤਾਂ ਲੋਕਾਂ ਦਾ ਨਿਆਂ ਪ੍ਰਣਾਲੀ ਉੱਤੇ ਭਰੋਸਾ ਪ੍ਰਭਾਵਿਤ ਹੋ ਸਕਦਾ ਹੈ। ਇਸ ਲਈ ਪੁਲਿਸ ਜਾਂਚ ਦੇ ਨਾਲ-ਨਾਲ ਅਦਾਲਤੀ ਪ੍ਰਕਿਰਿਆ ਨੂੰ ਪ੍ਰਭਾਵਸ਼ਾਲੀ ਬਣਾਉਣਾ ਵੀ ਜ਼ਰੂਰੀ ਹੈ। ਇਨਸਾਫ਼ ਦਾ ਅਰਥ ਸਿਰਫ਼ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨਾ ਨਹੀਂ, ਸਗੋਂ ਸਬੂਤਾਂ ਦੇ ਆਧਾਰ 'ਤੇ ਨਿਰਪੱਖ ਜਾਂਚ, ਕਾਨੂੰਨੀ ਕਾਰਵਾਈ ਅਤੇ ਦੋਸ਼ ਸਾਬਤ ਹੋਣ 'ਤੇ ਸਜ਼ਾ ਯਕੀਨੀ ਬਣਾਉਣਾ ਹੈ। ਕਿਸੇ ਬੇਗੁਨਾਹ ਨੂੰ ਸਜ਼ਾ ਨਾ ਮਿਲੇ ਅਤੇ ਕੋਈ ਦੋਸ਼ੀ ਸਿਰਫ਼ ਪ੍ਰਭਾਵ ਜਾਂ ਪਹੁੰਚ ਦੇ ਸਹਾਰੇ ਬਚ ਨਾ ਸਕੇ । ਇਹੀ ਨਿਆਂ ਪ੍ਰਣਾਲੀ ਦੀ ਅਸਲ ਕਸੌਟੀ ਹੈ।

ਪੰਜਾਬ ਦੀ ਵਿਗੜਦੀ ਹੋਈ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਵੇਖਦਿਆਂ ਸੁਰੱਖਿਅਤ ਪੰਜਾਬ ਲਈ ਠੋਸ ਕਦਮ ਚੁੱਕਣੇ ਬਹੁਤ ਜ਼ਰੂਰੀ ਹੋ ਗਏ ਹਨ। ਅਪਰਾਧਾਂ ਦੀ ਰੋਕਥਾਮ: ਸੰਵੇਦਨਸ਼ੀਲ ਇਲਾਕਿਆਂ ਵਿੱਚ ਪ੍ਰਭਾਵਸ਼ਾਲੀ ਪੁਲਿਸ ਗਸ਼ਤ, ਤੁਰੰਤ ਸਹਾਇਤਾ ਅਤੇ ਸਥਾਨਕ ਪੱਧਰ 'ਤੇ ਸੁਰੱਖਿਆ ਪ੍ਰਬੰਧ ਮਜ਼ਬੂਤ ਕੀਤੇ ਜਾਣ। ਸਿਰਫ਼ ਛੋਟੇ ਅਪਰਾਧੀਆਂ ਨੂੰ ਫੜਨ ਦੀ ਥਾਂ ਸੰਗਠਿਤ ਅਪਰਾਧ ਦੇ ਪੂਰੇ ਨੈੱਟਵਰਕ, ਵਿੱਤੀ ਸਹਾਇਤਾ ਅਤੇ ਸਥਾਨਕ ਸੰਪਰਕਾਂ ਦੀ ਕਾਨੂੰਨ ਅਨੁਸਾਰ ਜਾਂਚ ਹੋਵੇ। ਹਰ ਨਾਗਰਿਕ ਦੀ ਸ਼ਿਕਾਇਤ ਗੰਭੀਰਤਾ ਨਾਲ ਸੁਣੀ ਜਾਵੇ ਅਤੇ ਜਾਂਚ ਦੀ ਪ੍ਰਗਤੀ ਬਾਰੇ ਪੀੜਤ ਨੂੰ ਜਾਣਕਾਰੀ ਦਿੱਤੀ ਜਾਵੇ। ਧਮਕੀਆਂ ਦਾ ਸਾਹਮਣਾ ਕਰ ਰਹੇ ਲੋਕਾਂ ਲਈ ਚੁਕਵੇਂ ਸੁਰੱਖਿਆ ਪ੍ਰਬੰਧ ਕੀਤੇ ਜਾਣ। ਨਸ਼ਿਆਂ ਤੋਂ ਬਚਾਅ, ਸਿੱਖਿਆ, ਰੁਜ਼ਗਾਰ ਅਤੇ ਖੇਡਾਂ ਵਰਗੇ ਮੋਰਚਿਆਂ ਨੂੰ ਵਧਾਇਆ ਜਾਵੇ।

ਪ੍ਰਸ਼ਾਸਨ ਵੱਲੋਂ ਪਾਰਦਰਸ਼ੀ ਕਾਰਗੁਜ਼ਾਰੀ ਨਿਭਾਈ ਜਾਵੇ। ਅਪਰਾਧਾਂ ਦੇ ਅੰਕੜੇ, ਜਾਂਚ ਦੀ ਪ੍ਰਗਤੀ ਅਤੇ ਰੋਕਥਾਮ ਦੇ ਨਤੀਜੇ ਜਨਤਾ ਸਾਹਮਣੇ ਰੱਖੇ ਜਾਣ, ਤਾਂ ਜੋ ਦਾਅਵਿਆਂ ਦੀ ਜਾਂਚ ਤੱਥਾਂ ਦੇ ਆਧਾਰ 'ਤੇ ਹੋ ਸਕੇ।ਪੰਜਾਬ ਨੂੰ ਡਰ ਨਹੀਂ, ਸੁਰੱਖਿਆ ਦਾ ਭਰੋਸਾ ਚਾਹੀਦਾ ਹੈ।ਪੰਜਾਬ ਦੀ ਤਰੱਕੀ ਸਿਰਫ਼ ਸੜਕਾਂ, ਇਮਾਰਤਾਂ, ਉਦਯੋਗਾਂ ਅਤੇ ਵੱਡੇ ਪ੍ਰਾਜੈਕਟਾਂ ਨਾਲ ਨਹੀਂ ਮਾਪੀ ਜਾ ਸਕਦੀ। ਤਰੱਕੀ ਦਾ ਅਸਲ ਮਾਪਦੰਡ ਇਹ ਵੀ ਹੈ ਕਿ ਇੱਕ ਆਮ ਮਜ਼ਦੂਰ ਕੰਮ ਤੋਂ ਸੁਰੱਖਿਅਤ ਘਰ ਪਰਤੇ, ਇੱਕ ਦੁਕਾਨਦਾਰ ਬਿਨਾਂ ਡਰ ਆਪਣੀ ਦੁਕਾਨ ਖੋਲ੍ਹੇ, ਮਾਪੇ ਆਪਣੇ ਬੱਚਿਆਂ ਨੂੰ ਨਿਡਰ ਹੋ ਕੇ ਸਕੂਲ ਭੇਜਣ ਅਤੇ ਹਰ ਨਾਗਰਿਕ ਨੂੰ ਭਰੋਸਾ ਹੋਵੇ ਕਿ ਉਸ ਨਾਲ ਬੇਇਨਸਾਫ਼ੀ ਹੋਣ 'ਤੇ ਕਾਨੂੰਨ ਉਸ ਦੀ ਰਾਖੀ ਲਈ ਖੜ੍ਹਾ ਹੋਵੇਗਾ।

ਸਮਾਜ ਸੇਵੀ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ
ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ
ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ



Karan Shergill-Gurman Malhi & Yuba City Brothers

web -www.globaldrugtestinginc@gmail.com email -info@globaltruckpermits.com

ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ

GLOBAL TRUCK PERMITS

ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ

ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ

New Company Permits
IRP Plates
Trailer Plates
Truck ELD
DOT Drug Testing



DOT Drug Testing | Compliance Services | Driver Hiring

Driver Files | Safety Audit | Clearing House | Driver Management





ਰਾਜਿੰਦਰ ਟਾਂਡਾ

“ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ”

ਅੱਜ ਹੀ ਕਾਲ ਕਰੋ :

Ph : (209) 636-0880 | Ph : (209) 364-3020 | Cell :(510) 557-6988

Address: 159 Darcy Pkwy Lathrop, CA 95330





ਕਈ ਵੀਰਾਂ ਦੇ

LICENSE CANCEL

ਹੋ ਰਹੇ ਹਨ ਤੇ ਹੁਣ
ਉਹ ਆਪਣਾ ਟਰੱਕ ਵੀ ਨਹੀਂ
ਚਲਾ ਸਕਦੇ।

ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ

Green Card ਨਹੀਂ ਹੈ | I-485 Application ਅਜੇ Pending ਹੈ।

Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ
ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ
ਲਈ Legal Guidance



Deportation ਜਾਂ Immigration
Detention Cases ਵਿੱਚ Legal Advice



Appeals ਅਤੇ Immigration
Process ਵਿੱਚ ਸਹਾਇਤਾ



Estate Planning ਰਾਹੀਂ Property
ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ
Secure ਬਣਾਉਣ ਵਿੱਚ ਸਹਾਇਤਾ

GHUMAN LAW GROUP INC.
Criminal Defense, Family and
Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner

ਨਸ਼ਿਆਂ ਦੀ ਜੰਗ

ਲੋਕਾਂ ਲਈ ਲੜਦਾ ਸੀ,
ਜਿਸਦਾ ਨਾਂ ਪਰਵਿੰਦਰ ਝੋਟਾ।
ਗੱਲ ਮੂੰਹ ਨਾਲ ਕਰਦਾ ਸੀ,
ਹੱਥ ਵਿੱਚ ਨਾ ਡੰਡਾ ਨਾ ਸੋਟਾ।
ਜੰਗ ਲੜਦਿਆਂ ਨਸ਼ਿਆਂ ਦੀ,
ਉਸ ਨੇ ਜਿੰਦਗੀ ਦੀ ਜੰਗ ਹਾਰੀ।
ਇਹ ਕਤਲ ਮਾਮੂਲੀ ਨਹੀਂ,
ਲੱਗਦੀ ਪਿਛਿਉਂ ਸ਼ਹਿ ਸਰਕਾਰੀ।
ਨਸ਼ਿਆਂ ਦੇ ਤਸਕਰਾਂ ਨੂੰ,
ਕੀਤਾ ਮਾਇਆ ਦੇ ਮੋਹ ਅੰਨ੍ਹੇ।
ਚੈਕ ਕਰਨ ਵਾਲਿਆਂ ਦੇ,
ਇਨ੍ਹਾਂ ਨੇ ਨਾਲ ਪੈਸੇ ਮੂੰਹ ਬੰਨ੍ਹੇ।
ਇੱਕ ਸਿੰਘ ਨਿਹੱਥੇ ਤੇ,
ਪੈ ਗਿਆ ਪਿਸਟਲਧਾਰੀ ਭਾਰੀ।
ਇਹ ਕਤਲ---।
ਦੋ ਪੁੱਤ ਮਾਸੂਮ ਅਜੇ,
ਜਾਂਦੇ ਨਹੀਂ ਵਿਲਕਦੇ ਵੇਖੇ।
ਉਸਦੇ ਘਰ ਵਾਲੀ ਨੂੰ,
ਪੈਂਦੇ ਰਹਿਣਗੇ ਸਦਾ ਕੁਲੇਖੇ।
ਸੰਗ ਹਉਂਕੇ ਹੰਝੂਆਂ ਦੇ,
ਉਹ ਤਾਂ ਉਮਰ ਗੁਜਾਰੂ ਸਾਰੀ।
ਇਹ ਕਤਲ---।
ਗੁਰੂਆਂ ਦੀ ਧਰਤੀ ਤੇ,
ਵੇਖੋ ਹੜ੍ਹ ਨਸ਼ਿਆਂ ਦਾ ਆਇਆ।
ਪੁੱਤ ਦਾ ਇਨਸਾਫ ਦਿਉ,
ਬਾਪੂ ਝੋਟੇ ਦਾ ਕੁਰਲਾਇਆ।
ਸੱਚ ਲਿਖਕੇ ਸਿਸਟਮ ਤੇ,
ਮਾਰੀ 'ਨਾਗਰਾ' ਚੋਟ ਕਰਾਰੀ।
ਇਹ ਕਤਲ---।

SANJHI SOCH
ਜਸਪਾਲ ਸਿੰਘ ਨਾਗਰਾ 'ਮਹਿੰਦ ਪੁਰੀ'
ਯੂਬਾ ਸਿਟੀ ਕੈਲੀਫੋਰਨੀਆ (ਅਮਰੀਕਾ)
ਫੋਨ +13604481989



.ਗ਼ਜ਼ਲ

ਵਿਹਲੇ ਬਹਿ ਕੇ ਜਿਨ੍ਹਾਂ ਲੰਘਾਇਆ ਸੰਡੇ,
ਉਹਨਾਂ ਨੂੰ ਕੀ ਮਿਲਣੇ ਹਲਵਾ-ਮੰਡੇ।
ਉਹ ਜੀਵਨ 'ਚ ਤਰੱਕੀ ਕਰਦੇ ਜਾਵਣ,
ਖਾਧੇ ਜਿਹਨਾਂ ਉਸਤਾਦਾਂ ਦੇ ਡੰਡੇ।
ਜਦ ਔਖੇ ਵੇਲੇ ਅਸੀਂ ਉਸ ਨਾਲ ਰਹੇ,
ਫਿਰ ਉਹ ਕਿਉਂ ਸਾਨੂੰ ਥਾਂ ਥਾਂ ਭੰਡੇ?
ਤੇਰੇ ਰਾਹ ਵਿਚ ਉਹ ਕੰਡੇ ਬੋ ਸਕਦਾ,
ਵੈਰੀ ਦੇ ਰਾਹ ਵਿਚ ਬੋਈਂ ਨਾ ਕੰਡੇ।
ਉਸ ਨੇਤਾ ਦਾ ਸਤਿਕਾਰ ਕਿਵੇਂ ਕਰੀਏ?
ਜੋ ਸਾਨੂੰ ਧਰਮਾਂ ਦੇ ਨਾਂ ਤੇ ਵੰਡੇ।
ਲੋਕਾਂ ਕੋਲੋਂ ਵੋਟਾਂ ਲੈਣ ਦੀ ਖਾਤਰ,
ਅੱਜ ਕੱਲ੍ਹ ਨੇਤਾ ਵਰਤਣ ਸਭ ਹੱਥਕੰਡੇ।
ਚੋਰਾਂ ਦੇ ਘਰ ਸੱਨਾਟਾ ਛਾਇਆ ਰਹੇ,
ਉਹਨਾਂ ਦੇ ਘਰ ਨਾ ਕਦੇ ਝੁਲਣ ਝੰਡੇ।



SANJHI SOCH
ਮਹਿੰਦਰ ਸਿੰਘ ਮਾਨ
ਸਲੋਹ ਰੋਡ, ਨਵਾਂ ਸ਼ਹਿਰ
99158-03554

LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ
ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ
ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ



Maluk Singh Dhami



Akash Sharma

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ
ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ
ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ
ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ
ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ

ਸ਼ੁਭ ਕਾਮਨਾਵਾਂ ਸਹਿਤ
With Best Wishes

INTERNATIONAL FORUM USA


Karina Hou
Patron - (Chaina)


Dr. Surinder Singh Gill
Chairperson (India)


Guy Djoken
Senior Advisor (Peru)


Bhai Satpal Singh
Director (India)


Tomiko Duggan
Director - Japan


Sonia Reyes
Director - El Salvador


Shazia Shah
Director - Pakistan


Susan Macey
Director - USA


Thai Nguyen
Director - Vietnam


Tariq Ahmed Nizami
Director - Dubai


Raj Rathod
Director - Pakistan


Dr Nirmal Pahadi
Director - Nepal


Deborah Adijibi
Secretary - Ghana





RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

Kirandeep Kaur

Realtor ®

CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

Contact : Cell (209) 550-1704

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


47ਵੇਂ ਯੂਬਾ ਸਿਟੀ ਸਲਾਨਾ
ਨਗਰ ਕੀਰਤਨ ਦੀ
ਸਮੂਹ ਸੰਗਤ ਨੂੰ ਲੱਖ ਲੱਖ ਵਧਾਈ ਹੋਵੇ ਜੀ
HARRYDHILLON
ਹੈਰੀ ਢਿੱਲੋਂ
MOUNTAIN HOUSE, CA
www.harrydhillon.org

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ
ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ
ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ

Gurnam Singh Pamma

Yuba City California



ਪਬਲਿਕ ਹਿਤ ਵਿੱਚ ਸੂਚਨਾ

ਮੈਂ **ਗੁਰਦੀਪ ਸਿੰਘ ਸੰਧੂ** ਜਿਵੇਂ ਕਿ ਤੁਸੀਂ ਜਾਣਦੇ ਹੋ 1973 ਤੋਂ ਹੋਮਿਓਪੈਥਿਕ/ਆਯੁਰਵੈਦਿਕ ਦੀ ਪ੍ਰੈਕਟਿਸ ਕਰ ਰਿਹਾ ਹਾਂ ਇਸ ਪੰਜ ਦਹਾਕਿਆਂ ਤੋਂ ਵੱਧ ਦੇ ਸਮੇਂ ਵਿਚ ਮੈਡੀਕਲ ਕਾਲਜਾਂ ਵਿਚ ਪ੍ਰੋ. ਪ੍ਰਿੰਸੀਪਲ ਤੇ ਚੀਫ਼ ਮੈਡੀਕਲ ਅਫਸਰ ਦੇ ਤੌਰ ਤੇ ਸੇਵਾਵਾਂ ਦਿੰਦਾ ਰਿਹਾ ਹਾਂ। 1996 ਤੋ ਅਮਰੀਕਾ ਵਿਚ ਵੱਖ-ਵੱਖ ਰੇਡੀਓ, ਟੀ.ਵੀ ਸਟੇਸ਼ਨਾਂ, ਯੂਟਿਊਬ, ਫੇਸਬੁਕ ਤੇ ਵੱਖ-ਵੱਖ ਮੀਡੀਆ ਚੈਨਲਾਂ ਰਾਹੀਂ ਪਬਲਿਕ ਨੂੰ ਜੀਵਨ ਤੋਂ ਜੀਵਨ ਦੀ ਉਤਪਤੀ ਸਰੀਰਕ ਬਣਤਰ, ਵਿਸਥਾਰ, ਸਿਹਤ, ਬਿਮਾਰੀ ਅਤੇ ਇਲਾਜਾਂ ਪ੍ਰਤੀ ਜਾਗਰੂਕ ਕਰਦਾ ਆ ਰਿਹਾਂ। ਅੱਜ ਦੇ ਵਕਤ ਅਮੈਰਿਕਨ ਇਕੌਨਮੀ ਦੀ ਮਾੜੀ ਹਾਲਤ ਹੋਣ ਕਰਕੇ ਐਲਾਨ ਕਰਦਾ ਹਾਂ ਕਿ ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜਦ ਥੱਕ ਗਏ ਹੋ ਕੋਈ ਹਲ ਨਹੀਂ ਦਿਸ ਰਿਹਾ ਤਾਂ ਇਕ ਮੌਕਾ ਹੋਮਿਓਪੈਥਿਕ ਦੇ ਸਿਧਾਂਤਕ ਇਲਾਜ ਲਈ ਮੈਨੂੰ ਦਿਓ ਇਸ ਲਈ ਕਾਲ ਕਰੋ: **408 687 1899**

ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ਼ ਲੈਕਚਰ ਸੁਣਨ ਲਈ ਮੇਰਾ ਫੇਸਬੁਕ ਅਤੇ ਯੂਟਿਊਬ ਚੈਨਲ https://youtube/duhk3caceu, sabrang station.com(radio station) ਰੋਜ਼ਾਨਾ ਕੈਲੇਫੋਰਨੀਆ ਟਾਈਮ ਸ਼ਾਮ ਨੂੰ 5 ਤੋ 6 ਵਜੇ ਤਕ ਸੁਣੋ।

Working under sb577 act of California



ਡਰਾਈਵਰ ਵੀ ਜਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਣ ਦਾ ਇਨਵੌਇਸ!



ਇਨਵੌਇਸ ਬਣਾਓ ਆਸਾਨ, ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ
Traki ਨਾਲ.

ਕਾਗਜ਼ ਸੰਭਾਲੋ
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

ਇਨਵੌਇਸ ਬਣਾਓ
AI ਮਦਦ ਨਾਲ ਆਟੋ ਫਿਲ ਅਤੇ ਪੋਸ਼ੇਵਰ ਇਨਵੌਇਸ ਤਿਆਰ.

ਕਮਾਈ ਵਧਾਓ
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

ਅੱਜ ਹੀ ਸ਼ੁਰੂ ਕਰੋ!

3 ਦਿਨ ਦਾ ਮੁਫ਼ਤ TRIAL ਮਿਲੇਗਾ!

ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

ਟਾਈਮ ਬਚਾਓ
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

ਗਲਤੀ ਘੱਟ
ਆਟੋਮੈਟਿਕ ਫਿਲ ਤੇ ਸਹੀ ਇਨਵੌਇਸ.

ਆਫਲਾਈਨ ਕੰਮ
ਇੰਟਰਨੈੱਟ ਬਿਜ਼ਾਂ ਵੀ ਸਭ ਕੁਝ ਚੱਲਦਾ.

ਸਭ ਕੁਝ ਇੱਕ ਜਗ੍ਹਾ
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

TRAKI
ਡਰਾਈਵਰ ਦਾ ਅਸਲੀ ਯਾਰ.

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।


ਸਿੱਖ ਟੈਂਪਲ ਗੁਰਦੁਆਰਾ ਸਾਹਿਬ ਯੂਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ
ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ
ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ

Punjabi Club

Sukhwinder Singh (KK Sidhu)
Founder of Punjabi club

Mandeep Kaur Sidhu
MD at Punjabi club



Arrested ?
DUI ?
Drug Charges ?
Gun Violation ?

Ghuman Law Group

Get the Legal Defence you Deserve.



Why Choose Us?

- ✓ Trusted Legal Experts
- ✓ Personalized Strategies
- ✓ Proven Track Record

Criminal Defence Law

- DUI / DWI Defense
- Drug Charges
- Domestic Violence Defense
- Assault & Battery Defense
- Theft / Fraud / Financial Crimes
- Probation Violations

Contact Us

info@ghumanlawgroup.com
ghumanlawgroup.org
+1 228-200-0001

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਜੀ

ਜੁਗੋ ਜੁਗ ਅਟੱਲ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ,
ਗੁਰੂ ਮਾਨਿਓ ਗ੍ਰੰਥ, ਦਿਹਾੜਾ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਜਾ ਰਿਹਾ ਹੈ।

ਸਿੱਖ ਟੈਂਪਲ ਗਰਦਆਰਾ ਸਾਹਿਬ ਯਬਾ ਸਿਟੀ ਦਾ 47ਵਾਂ ਸਲਾਨਾ ਮਹਾਨ ਨਗਰ ਕੀਰਤਨ ਅਤੇ
ਗੁਰਮਤਿ ਸਮਾਗਮ 1 ਨਵੰਬਰ 2026 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ
ਸਹਿਯੋਗ ਨਾਲ ਹੋਣ ਜਾ ਰਿਹਾ ਹੈ |

ਲੱਖ-ਲੱਖ ਵਧਾਈਆਂ

Indian & Fijian Grocery Store

ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ,ਦਾਲਾਂ, ਨਮਕੀਨ
ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ
ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੌਸਰੀ

HOURS : 10:00am-8:00pm

2015 Yosemite Blvd. Modesto CA (209) 486-8233

@indianfijiangrocery

Nav Indian Merchandise Grocey Store



3230 Mitchell Road, STE, C, CERES, CA-95307 (209) 537-5702

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਗੱਦੀ ਦਿਵਸ ਨੂੰ ਸਮਰਪਿਤ

47ਵਾਂ ਸਾਲਾਨਾ ਮਹਾਨ ਨਗਰ ਕੀਰਤਨ



